ਜਜੋਂ ਸਭਿ ਰੀਤਿ ਚਲੀ ਜਗ ਆਈ।
ਚੀਰ ਸਨੀਰ ਉਤਾਰਿ[1] ਸਰੀਰ
ਧਰੇ ਪੁਨ ਔਰ, ਥਿਰੇ ਬਿਚ ਆਈ ॥੧੭॥

ਦੋਹਰਾ:
ਸੁਨਿ ਕੈ ਗਾਵਤਿ ਸ਼ਬਦ ਕੋ, ਪੁਨ ਪੌੜੀ ਤਹਿਂ ਲਾਇ।
ਭੋਗ ਪਾਇ ਅਰਦਾਸ ਕਰਿ, ਸਭਿਹੂੰ ਸੀਸ ਨਿਵਾਇ ॥੧੮॥

ਸ੍ਵੈਯਾ:
ਆਇ ਤਿਹਾਵਲ ਬ੍ਰਿੰਦ ਗਯੋ
ਬਰਤਾਇ ਦਿਯੋ ਸਭਿ ਸੰਗਤਿ ਮਾਂਹੀ।
ਸ਼੍ਰੀ ਕਲਗ਼ੀਧਰ ਕੋ ਕਰਿ ਅੱਗ੍ਰਯ
ਮੰਦਹਿ ਮੰਦ ਚਲੇ ਘਰ ਜਾਂਹੀ।
ਬੈਠਨਿ ਥਾਨ ਮਹਿਂ ਜਾਇ ਟਿਕੇ ਸਭਿ,
ਸ਼੍ਰੀ ਗੁਰ ਕੋ ਜਸੁ ਦੀਰਘ ਪ੍ਰਾਹੀਂ।
'ਔਧਿ ਭਏ ਜਗ ਧੀਰ[1], ਛਿਮਾ ਧਰਿ,
ਆਨ ਕਿਸੂ ਮਹਿਂ ਪ੍ਰਾਪਤਿ ਨਾਂਹੀ[1] ॥੧੯॥
ਕੀਨਿ ਮਹਾਂ ਅਪਰਾਧ ਦਿਲੇਸ਼੍ਵਰ

[1]ਦਾਸਾਂ ਨੇ ਗੁਰੂ ਜੀ ਦੇ ਹੱਥ ਦੇਕੇ (ਅਗਨੀ)।
[†]ਪਾ:-ਸੁਖ ਆਲਾ = ਭਾਵ ਗੁਰੂ ਜੀ ਨੇ।
[1]ਮਨ) ਨੂੰ ਭਾਉਣ ਵਾਲੀ।
[1]ਗੁਰੂ ਜੀ ਲਈ। [†]ਦੇਖੋ ਰਾਸ ੪ ਅੰਸੂ ੪੦ ਅੰਕ ੩੫ ਦੀ ਹੇਠਲੀ ਟੂਕ।
[1]ਗਿੱਲੇ ਕੱਪੜੇ ਉਤਾਰ ਕੇ।
[1]ਧੀਰਜ ਦੀ ਔਧੀ।
[1]ਭਾਵ ਧੀਰਜ ਤੇ ਖਿਮਾ ਹੋਰ ਕਿਸੇ ਵਿਚ ਨਹੀਂ ਮਿਲਦੀ।

ਮੂੜ੍ਹ ਮਤੀ ਦੁਖ ਦੋਜ਼ਕ ਪਾਵੈ।
ਹਿੰਦੁ ਕੀ ਟੇਕ ਰਖੀ ਸਿਰ ਦੇ ਕਰਿ
ਪੂਰਬ ਕੀ ਮਿਰਜਾਦ ਜੁ ਆਵੈ[1]।
ਨਾਂਹਿ ਤ ਬੇਦ ਪੁਰਾਨ ਜਿ ਤੀਰਥ
ਦੇਵਨ ਦੇਹੁਰੇ ਰੀਤਿ ਮਿਟਾਵੈ[1]।
ਸ਼੍ਰੀ ਗੁਰਦੇਵ ਬਿਨਾ ਹੁਇ ਕੌਨ,
ਜੁ ਪ੍ਰਾਨ ਕੋ ਦੇ ਜਗ ਧਰਮ ਟਿਕਾਵੈ ॥੨੦॥
ਧੰਨ ਸਦਾ ਗੁਰ ਤੇਗ ਬਹਾਦਰ,
ਕੀਨਿ ਬਹਾਦਰੀ ਰਾਖਿ ਦਿਖਾਏ।'
ਜੋ ਪੁਰਿ ਤੇ ਸਿਖ ਸੀਸ ਕੋ ਲਜਾਇਵ
ਬੂਝਤਿ ਤਾਂਹਿ ਸਮੀਪ ਬਿਠਾਏ।
'ਕਜੋਂ ਕਰਿ ਤੋਹਿ ਕੋ ਪ੍ਰਾਪਤਿ ਭਾ
ਕਿਨ ਹੂੰ ਨ ਪਿਖਜੋ, ਨ ਕਹੂੰ ਅਟਕਾਏ?
ਰਾਖੇ ਖਰੇ ਗਨ ਹੋਇ ਸੁਚੇਤ,
ਅਚੇਤ ਭਏ ਕਿਮ? ਦੇਹੁ ਬਤਾਏ' ॥੨੧॥
ਹਾਥ ਕੋ ਜੋਰਿ ਬਖਾਨ ਕਰਜੋ
'ਗੁਰਦੇਵ ਸਹਾਇ ਤੇ ਕਾਜ ਸਰੇ।
ਸੀਸ ਉਡਜੋ ਧਰ ਤੇ ਜਬਿਹੀ
ਬਹੁ ਧੂਰ ਉਡੀ ਸਭਿ ਨੈਨ ਪਰੇ।
ਨਾਂਹਿ ਕਿਨੂ ਅਵਿਲੋਕਨਿ ਕੀਨਿ
ਲਿਯੋ ਮੈਂ ਸੰਭਾਲ ਨ ਹੀਯ[1] ਡਰੇ।
ਰੌਰ ਪਰਜੋ ਸਭਿ ਮੈਂ ਸੁਨਿ ਕੈ ਚਲਿ
ਸ਼ੀਘ੍ਰ ਪਰਜੋ, ਗਹਿਬੋ ਨ ਕਰੇ[1] ॥੨੨॥
ਪੌਰਿ ਕੇ ਠੌਰ ਖਰੇ ਨਰ ਕੇਤਿਕ
ਮੈਂ ਕਰਿ ਸਾਹਸ[1] ਬੇਗ[2] ਹੀ ਧਾਯੋ।
ਰੋਕ ਨ ਟੋਕ ਕਰੀ ਕਿਨਹੂੰ ਪੁਰਿ

[1]ਪਹਿਲੋਂ ਦੀ ਮਿਰਯਾਦਾ ਜੋ ਚਲੀ ਆਂਵਦੀ ਸੀ।

[1]ਮਿਟ ਜਾਂਦੀ।

[1]ਹਿਰਦਾ?

[1]ਕਿਸੇ) ਫੜਨਾ ਨਾ ਕੀਤਾ।

[1]ਹੌਂਸਲਾ। ਉੱਦਮ। [2]ਛੇਤੀ। ਤੇਜ਼। ਤਵਾ: ਖਾ: ਵਿਚ ਲਿਖਿਆ ਹੈ ਕਿ ਇਸ ਸਿੱਖ ਦਾ ਨਾਮ ਜੈਤਾ ਸੀ, ਇਹ ਮਜ਼ਹਬੀ ਸਿੱਖ ਹੋਇਆ ਹੈ, ਅੰਮ੍ਰਿਤ ਛਕ ਕੇ ਇਸ ਦਾ ਨਾਮ ਭਾਈ ਜੀਉਣ ਸਿੰਘ ਹੋਇਆ। ਇਹ ਬੀ ਲਿਖਿਆ ਹੈ ਕਿ ਭਾਈ ਜੈਤੇ ਨੂੰ ਗੁਰੂ ਜੀ ਨੇ ਇਸ ਵੇਲੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਵਰ ਦਿੱਤਾ ਸੀ। ਭਾਈ ਜੀਵਣ ਸਿੰਘ ਜੀ ਦਸਮ ਪਾਤਸ਼ਾਹ ਜੀ ਦੇ ਜੰਗਾਂ ਜੁੱਧਾਂ ਵਿਚ ਸ਼ਾਮਲ ਰਹੇ ਤੇ ਗੁਰੂ ਜੀ ਦੀ ਮੇਹਰ ਦੇ ਪਾਤ੍ਰ ਰਹੇ।

ਤਯਾਗਤਿ ਆਪਨੇ ਪੰਥ ਸਿਧਾਯੋ।
ਸੋ ਪਸ਼ਚਾਤ ਲਗੇ ਸਭਿ ਖੋਜਨਿ,
ਹੋਤਿ ਅਚੰਭ, ਨਹੀਂ ਜਬਿ ਪਾਯੋ।
-ਲੇ ਗਮਨਜੋਂ ਅਨੁਮਾਨ ਕਰਜੋ ਤਿਨ,
ਤੌਂ ਅਸਵਾਰਨਿ ਬ੍ਰਿੰਦ ਚਢਾਯੋ ॥੨੩॥
ਆਨਿ ਮਿਲੇ ਮੁਝ ਕੇਤਿਕ ਦੂਰ
ਲਖਜੋ ਤਿਨ ਕੋ ਮਨ ਮੈਂ ਡਰਪਾਯੋ।
ਮਾਰਗ ਮੈਂ ਸਕਟੇ ਗਮਨੈਂ ਪਿਖਿ[1] — [1]ਗੱਡੇ ਜਾਂਦੇ ਦੇਖਕੇ।
ਏਕ ਮੈਂ ਸੀਸ ਗੁਰੂ ਕੋ ਟਿਕਾਯੋ।
ਸੇ ਅਸਵਾਰ ਵਡੇ ਤਰਜੈਂ[1] — [1]ਤਾੜਨਾ ਕਰਦੇ ਹਨ।
ਅਵਿਲੋਕਤਿ ਖੋਜਤਿ ਜੋ ਨਰ ਪਾਯੋ[1]। — [1]ਜੋ ਆਦਮੀ ਪਾਂਵਦੇ ਸਨ ਦੇਖਦੇ ਸਨ ਤੇ ਤਲਾਸ਼ੀ ਲੈਂਦੇ ਸਨ।
ਮੋ ਕਹੁ ਆਨਿ ਕਹਜੋ -ਥਿਰ ਹੋਵਹੁ-
ਦੇਖਤਿ ਭੇ ਪਟ ਕੋ ਛੁਟਕਾਯੋ[1] ॥੨੪॥ — [1]ਕਪੜੇ ਖੁਲਵਾਕੇ।
ਫੇਰ ਲਗੇ ਸਕਟੇ ਅਵਿਲੋਕਨਿ
ਰੋਕਿ ਖਰੇ ਕਰਿ ਖੋਜਨਿ ਲਾਗੇ।
ਪਾਛਲ ਕੋ ਜਬਿ ਦੇਖਤਿ ਭੇ
ਤਬਿ ਸੀਸ ਗਯੋ ਜੁ ਹੁਤੋ ਸਭਿ ਆਗੇ।
ਨਾਹਨ ਪ੍ਰਾਪਤਿ ਭਾ ਜਬਿਹੂੰ
ਤਬਿ ਆਗਲੇ ਹੇਰਨਿ ਕੋ ਅਨੁਰਾਗੇ।
ਪਾਛਲਿ ਮੈਂ ਪੁਨ ਆਇ ਗਯੋ ਸਿਰ,
ਹਾਰ ਪਰੇ ਸਠ ਸੋ ਇਮ ਠਾਗੇ[1] ॥੨੫॥ — [1]ਮੁੱਠੇ ਗਏ।

ਦੋਹਰਾ:
ਗੁਰ ਸਿਰ ਇਕ ਮੋ ਕਹੁ ਦਿਖਤਿ, ਅਪਰ ਨ ਦੇਖਤਿ ਕੋਇ।
ਖੋਜ ਹਟੇ ਨਰ ਪੰਥ ਕੋ, ਗਮਨੇ ਪੁਰਿ ਨਿਜ ਸੋਇ ॥੨੬॥
ਗਏ ਦਿਖਨਿ ਤੇ ਰਹਿ ਗਏ, ਤਬਿ ਮੈਂ ਸੀਸ ਸੰਭਾਰਿ।
ਬਸਤ੍ਰਨਿ ਬਿਖੈ ਲਪੇਟਿ ਕੇ, ਲੀਨਹੁ ਨਿਜ ਸਿਰ ਧਾਰਿ ॥੨੭॥
ਸ਼੍ਰਮਤਿ ਭਯੋ ਨਹਿਂ ਮਗ ਬਿਖੈ, ਨਿਸ ਮਹਿਂ ਨਹਿਂ ਡਰ ਪਾਇ।

ਹੁਇ ਨਿਸ਼ੰਕ ਇਕ ਮਨ ਚਲਯੋ, ਹੁਤੋ ਹੁਕਮ ਜਿਸ ਭਾਇ ॥੨੮॥
ਮੁਹਿ ਸਮੁਝਾਯੋ ਜਿਮ ਗੁਰੂ, ਬਿਨ ਸੰਕਾ ਤਿਮ ਕੀਨਿ।
ਭਏ ਸਹਾਇਕ ਆਪ ਹੀ, ਇਕ ਜਮ ਮੋ ਕਹੁ ਦੀਨਿ ॥੨੯॥
ਪਹੁੰਚਾਯੋ ਤਹਿਂ ਤੇ ਨਿਕਸਿ[1], ਰਾਖੇ ਖਰੇ ਅਨੇਕ।
ਤਿਲਕ ਜਨੇਊ ਹਿੰਦੁ ਕੀ, ਰਾਖੀ ਸਤਿਗੁਰ ਟੇਕ ॥੩੦॥
ਖਲਹਲ[1] ਦਿੱਲੀ ਮੋਂ ਪਰਯੋ, ਮੋ ਕਹੁ ਸੁਧ ਕੁਛ ਨਾਂਹਿ।
ਬੂਝਹੁ ਨੀਕੇ ਕਰਿ ਤਿਸੈ, ਤਹਿਂ ਤੇ ਆਇ ਜੁ ਪ੍ਰਾਹਿ" ॥੩੧॥

[1]ਭਾਵ ਦਿੱਲੀ ਤੋਂ ਕੱਢ ਕੇ (ਇਥੇ ਤੱਕ) ਪਹੁੰਚਾਇਆ ਹੈ (ਮੈਨੂੰ ਗੁਰੂ ਜੀ ਨੇ)।

[1]ਖਲਬਲੀ।

[1](ਉਹ) ਕਹੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸੀਸ ਸਸਕਾਰਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

੪. [ਜੱਗ ਕੀਤਾ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

ਸਕਲ ਕ੍ਰਿਆ ਕਰਿ ਪਿਤਾ ਕੀ, ਬ੍ਰਿੱਧਨਿ[1] ਜਥਾ ਬਤਾਇ।

[1]ਵਡਿਆਂ ਨੇ।

ਜਹਿਂ ਕਹਿਂ ਸੁਨਿ ਸੁਨਿ ਆਇਗੇ, ਸਿਖ ਮਸੰਦ ਸਮੁਦਾਇ ॥੧॥
ਬੇਦੀ ਕੁਲ ਤੇਹਣ ਮਿਲੇ, ਭੱਲੇ ਸੁਨਿ ਸਭਿ ਆਏ।
ਬੈਠਿ ਬੈਠਿ ਗੁਰ ਕੇ ਨਿਕਟ, ਰਹੇ ਸਿਵਰ ਨਿਜ ਪਾਇ ॥੨॥

ਪਾਧੜੀ ਛੰਦ:

ਸ਼੍ਰੀ ਨਾਨਕੀ ਮਾਤ ਬ੍ਰਿਲਾਪ ਕੀਨਿ।
ਆਂਸੂਨਿ ਡਾਰਿ ਚਿਤ ਹੋਤਿ ਖੀਨਿ[1]। [1]ਦੁਖੀ।
ਤਿਮ ਗੁਜਰੀ ਅਤਿ ਸ਼ੋਕਹਿ ਉਪਾਇ।
ਨਿਤ ਬਹਤੋ ਦ੍ਰਿਗਨਿ ਤੇ ਨੀਰ ਜਾਇ
॥੩॥
ਸਤਿਗੁਰ ਬਿਚਾਰਿ ਭੇਜੇ ਮਸੰਦ।
'ਦੇਹੁ ਮਾਤ ਜਾਇ ਧੀਰਜ ਬਿਲੰਦ।
ਗੁਰ ਸਦਨ ਸ਼ੋਕ ਹੋਵੰਤਿ ਨਾਂਹਿ।
ਇਕ ਰਸ ਅਨੰਦ ਮਹਿਂ ਸਥਿਤਿ ਪਾਹਿਂ'
॥੪॥
ਸੁਨਿ ਗਏ ਮਹਿਲ ਦੇਖੀ ਸੁ ਜਾਇ।
ਕਰਿ ਨਮਸਕਾਰ ਬੈਠੇ ਸੁ ਥਾਇਂ।
ਕਰ ਜੋਰਿ ਕਹਤੋ 'ਮਾਤਾ! ਸੁਣੇਹੁ।
ਤੁਮ ਉਚਿਤ ਨਾਂਹਿ ਏਤਿਕ ਸਨੇਹੁ[1] [1]ਭਾਵ ਦਿਲ ਤੋੜਵਾਂ ਮੋਹ।
॥੫॥
ਗੁਰ ਤਜਤੋ ਦੇਹਿ ਹ੍ਵੈ ਕੈ ਸੁਛੰਦ।
ਜਗ ਧਰਮ ਰਖ੍ਯੋ ਹਿੰਦੁਨਿ ਬਿਲੰਦ।
ਤੁਰਕੇਸ਼ ਸੀਸ ਦੋਸ਼ਹਿ ਚਢਾਇ।
ਤਨ ਅੰਤ ਸਮਾ ਪਹੁੰਚਤੋ ਸੁ ਆਇ ॥੬॥
ਅਬਿ ਤਿਨ ਸਥਾਨ ਸੁਤ ਕੋ ਬਿਲੋਕ।
ਮਨ ਬ੍ਰਿਤੀ ਸ਼ੋਕ ਤੇ ਰਾਖਿ ਰੋਕਿ।'
ਥਿਤ ਹੁਤੋ ਨਿਕਟ ਭ੍ਰਾਤਾ ਕ੍ਰਿਪਾਲ।
ਸੁਨਿ ਇਹ ਪ੍ਰਸੰਗ ਕਹਿ ਤਾਤਕਾਲ
॥੭॥

'ਹੇ ਭਗਨਿ ! ਲੇਹੁ ਚਿਤ ਮਹਿਂ ਬਿਚਾਰ।
ਨਹਿਂ ਮਿਟਹਿ ਕਬਹੁਂ ਜੋ ਹੋਨਹਾਰ।
ਸਤਿਗੁਰ ਸ਼ਲੋਕ ਲਿਖਿ ਕੈ ਪਠਾਇ[1]। [1]ਜੋ ਭੇਜੇ ਹਨ।
ਤਿਹ ਅਰਥ ਰਿਦੇ ਕਜੋਂ ਨਹਿਂ ਬਸਾਇਂ ॥ ੮ ॥
ਤਿਨ ਪੁੱਤ੍ਰ ਗੁਰੂ ਬਨਿ ਹੈ ਬਿਲੰਦ।
ਜਿਨ ਕੋ ਪ੍ਰਤਾਪ ਦੀਖਤਿ ਸੁਛੰਦ।
ਤਿਹ ਪਿਖਹੁ ਆਪ ਕੀਜਹਿ ਅਨੰਦ।
ਪ੍ਰਿਯ ਸਭਿਨਿ ਚਕੋਰਨਿ ਮਨਹੁਂ ਚੰਦ ॥ ੯ ॥
ਕਹਿ ਬਾਰ ਬਾਰ ਤੁਮ ਪਹਿ ਪਠਾਇ।
ਹਿਤ ਧਰਹੁ ਦਿਲਾਸਾ ਦੇਹੁ ਜਾਇ।'
ਸੁਨਿ ਦੁਹੁਨਿ ਮਾਤ ਚਿਤ ਸ਼ੁਭ ਬਿਚਾਰਿ।
ਤਜਿ ਸ਼ੋਕ ਦੀਨਿ ਸੁਤ ਪ੍ਰੇਮ ਧਾਰਿ ॥ ੧੦ ॥
'ਜਿਮ ਪਾਗ ਬਾਂਧਿਬੇ ਰੀਤਿ ਹੋਇ।
ਚਹਿਯੰਤਿ ਵਸਤੁ ਅਨਵਾਇ ਸੋਇ।
ਇਹ ਠਾਂਇ ਲਭੈ ਤਬਿ ਮੋਲ ਲੇਹੁ।
ਨਤੁ ਅਪਰ ਨਗਰ ਧਨ ਭੇਜਿ ਦੇਹੁ' ॥ ੧੧ ॥
ਸੁਨਿ ਸੁਨਿ ਮਸੰਦ ਪਠਿ ਦਰਬ ਦੀਨਿ।
ਗਨ ਪਾਗ ਬਸਤ੍ਰ ਅਨਵਾਇ ਲੀਨਿ।
ਬਹੁ ਮੋਲ ਪਸ਼ਮ ਅੰਬਰ ਮੰਗਾਇ।
ਪੁਨ ਚੀਰ ਰੇਸ਼ਮੀ ਲੇ ਧਰਾਇ[1] ॥ ੧੨ ॥ [1]ਲਿਆ ਰਖੇ।
ਗਨ ਗ੍ਰਾਮ ਦਰਬ ਦੇ ਘ੍ਰਿਤ ਬਿਸ਼ਾਲ।
ਸਰਕਰਾ ਸੇਤ[1] ਕਰਿ ਸੰਚਿ ਜਾਲ। [1]ਖੰਡ ਚਿੱਟੀ।
ਇੱਤਜਾਦਿ ਵਸਤੁ ਸਭਿ ਤਜਾਰ ਕੀਨਿ।
ਜਿਤਨੀ ਸੁ ਚਾਹਿ ਸੋ ਅਧਿਕ ਲੀਨਿ ॥ ੧੩ ॥
ਕਹਿਯੰਤਿ ਬਾਤ ਸੁਨਿਯੰਤਿ ਦੇਸ਼[1]। [1]ਦਸਤਾਰ ਬੰਦੀ ਦੀ ਗਲ) ਦੇਸ਼ ਵਿਚ ਆਖੀ ਗਈ ਤੇ ਸੁਣੀ ਗਈ।
ਚਹਿਯੰਤ ਚਿਤ ਆਵਤਿ ਅਸ਼ੇਸ਼[1]। [1]ਸਾਰੇ ਚਿਤ ਵਿਚ ਚਾਹ ਚਾਹਕੇ ਆ ਰਹੇ ਹਨ।

ਸੇਵਕ ਮਸੰਦ ਹ੍ਵੈ ਹੈ ਸੁ ਤਯਾਰ।
ਬਹੁ ਮੋਲ ਲੇਤਿ ਦਸਤਾਰ ਚਾਰੁ ॥ ੧੪ ॥
ਸੰਗਤਿ ਬਟੋਰਿ ਮਹਿਮਾ ਸੁਨਾਹਿਂ।
'ਗੁਰ ਬਯ ਨਵੀਨ ਅਭਿਖੇਕ[1] ਤਾਂਹਿ। [1]ਤਿਲਕ।
ਬਹੁ ਮੇਲ ਹੋਇ ਹੈ ਪੁਰਿ ਅਨੰਦ।
ਮਿਲਿ ਚਲਹੁ ਸ਼ੀਘ੍ਰ ਉਤਸਵ ਬਿਲੰਦ'
॥ ੧੫ ॥
ਚਹੁਂ ਦਿਸ਼ਿਨਿ ਸਿੱਖ ਸੁਨਿ ਤੁਰੰਤ।
ਨਹਿਂ ਕਰਤਿ ਬਿਲਮ ਆਵਨਿ ਕਰੰਤਿ।
ਮਗ ਮਹਿਂ ਬਹੀਰ ਸੰਗਤਿ ਬਿਸਾਲ।
ਮਿਲਿ ਬ੍ਰਿੰਦ ਬ੍ਰਿੰਦ ਪਹੁੰਚਹਿਂ ਉਤਾਲ
॥ ੧੬ ॥
ਬਹੁ ਭੀਰ ਅਨੰਦਪੁਰਿ ਮਿਲਤਿ ਜਾਤਿ।
ਸਿਖ ਮਿਲਹਿਂ ਪਰਸਪਰ ਕਰਹਿਂ ਬਾਤ।
ਸਤਿਗੁਰੂ ਗੁਨਨਿ ਸੁਨਿ ਸੁਨਿ ਅਨੰਦ।
ਤਨ ਬਯ ਨਵੀਨ ਮੁਖ ਮਨਹੁਂ ਚੰਦ
॥ ੧੭ ॥
ਸਭਿ ਕਰਤਿ[†] ਨਮੋ ਦਰਸੰਤਿ ਰੂਪ। [†]ਪਾ:-ਕਰਿ ਕਰਿ।
ਮਤਿ ਚਤੁਰ ਚਪਲ ਸੁੰਦਰ ਅਨੂਪ।
'ਗੁਰ ਧੰਨ ਧੰਨ' ਮੁਖ ਭਨਤਿ ਬੈਨ।
ਚੰਚਲ ਸਲਾਜ ਬਿਸਤਿਰਤਿ ਨੈਨ[1] [1]ਚੌੜੇ ਨੇਤ੍ਰ।
॥ ੧੮ ॥
ਤਬਿ ਸਭਿ ਮਸੰਦ ਸੋਂ ਕਹਤਿ ਮਾਤ।
'ਕੀਜਹਿ ਸੁ ਜੱਗਜ ਲਹਿ ਬਹੁਤ ਭਾਂਤਿ।
ਗਨ ਸਾਧ ਸੰਤ ਜਿਤ ਕਿਤ ਹਕਾਰਿ।
ਸਨਮਾਨ ਸਹਿਤ ਦੀਜਹਿ ਅਹਾਰ'
॥ ੧੯ ॥
ਗੁਰ ਕਾਰਦਾਰ ਸੁਨਿ ਹੁਕਮ ਏਮ[1]। [1]ਇਸ ਤਰ੍ਹਾਂ ਦਾ।
ਧਰਿ ਸ਼ੀਘ੍ਰ ਕਰਤਿ ਭੇ ਕਾਰ ਤੇਮ।
ਪਕਵਾਨ ਕਰਨ ਹਾਰੇ ਹਕਾਰਿ।
ਸਭਿ ਜਥਾ ਜੋਗ ਪਰਬਿਰਤਿ ਕਾਰ[1] [1]ਲਗਾ ਦਿੱਤੇ ਕੰਮ ਤੇ।
॥ ੨੦ ॥

ਮਿਸ਼ਟਾਨ ਆਨਿ ਘ੍ਰਿਤ ਅਧਿਕ ਦੀਨਿ।
ਗੋਧੂਮ ਚੂਨ[1] ਮੈਦਾ ਸੁ ਲੀਨਿ।
[1]ਕਣਕ ਦਾ ਆਟਾ।
ਬਹੁ ਪੂਪ ਪੂਰਿਕਾ[1] ਤਬਿ ਪਕਾਇ।
[1]ਪੂੜੀਆਂ ਤੇ ਪੂੜੇ।
ਸ਼ੁਭ ਥਾਨ ਬਿਖੈ ਅੰਬਾਰ ਲਾਇ ॥੨੧॥
ਬਹੁ ਦੀਹ ਕਰਾਹੇ ਦਿਯ ਚੜਾਇ।
ਕਰਿ ਤਯਾਰ ਤਿਹਾਵਲ ਧਰਤਿ ਜਾਇਂ।
ਬਹੁ ਬਰੇ ਕਚੌਰੀ ਤਯਾਰ ਕੀਨਿ।
ਗਨ ਲਗੇ ਠਾਨਿ ਤੂਰਨ ਪ੍ਰਬੀਨ ॥੨੨॥
ਭਾ ਪਾਕ ਸਿੱਧ ਬਿਧਿ ਬਿਬਿਧਿ ਕੇਰ।
ਗਨ ਪੂਪ ਪੂਰਿਕਾ ਲਗਤਿ ਢੇਰ।
ਜਹਿਂ ਜਹਿਂ ਮਹੰਤ ਸ਼ੁਭ ਬੇਖ ਸੰਤ।
ਤਹਿਂ ਤਹਿਂ ਹਕਾਰਿ ਲਯਾਵਤਿ ਕਰੰਤਿ ॥੨੩॥
ਆਵਤਿ ਸਮੂਹ ਜਿਤ ਕਿਤ ਜਮਾਤ[1]।
[1]ਟੋਲੀਆਂ।
ਬਹੁ ਬਿੱਪ੍ਰ ਆਇਂ ਅਰੁ ਅਪਰ ਜਾਤਿ।
ਸਭਿ ਜਥਾ ਜੋਗ ਸਨਮਾਨ ਸਾਥ।
ਚਢਿ ਊਚ ਮਹਲ ਪਰ ਪਿਖਤਿ ਨਾਥ[1] ॥੨੪॥
[1]ਬ੍ਰਹਮਣ ਤੇ ਹੋਰ ਜਾਤਾਂ ਦੇ ਲੋਕ ਆ ਰਹੇ ਹਨ, ਮੁਨਾਸਬ ਸਨਮਾਨ ਨਾਲ (ਬਿਠਾਏ ਜਾ ਰਹੇ ਹਨ ਤੇ) ਗੁਰੂ ਜੀ ਉੱਚੇ ਮਹਿਲ ਤੇ ਚੜ੍ਹਕੇ ਦੇਖ ਰਹੇ ਹਨ। (ਅ) ਉੱਚੇ ਮਹਿਲ ਤੇ ਚੜ੍ਹੇ ਹੋਏ ਨਾਥ (ਗੁਰੂ ਜੀ) ਨੂੰ ਸਾਰੇ (ਉਨ੍ਹਾਂ ਦੇ) ਲਾਇਕ ਸਨਮਾਨ ਨਾਲ ਦੇਖ ਰਹੇ ਹਨ।
ਸਗਰੇ ਮਸੰਦ ਪੰਗਤਿ ਬਨਾਇ।
ਜਸ ਉਚਿਤ[1] ਪਿਖਹਿਂ ਤਸ ਥਲ ਬਿਠਾਇਂ।
[1]ਜਿਸ ਥਾਂ ਦੇ ਯੋਗ।
ਬਹੁ ਭਈ ਭੀਰ ਦੇ ਧੀਰ ਬ੍ਰਿੰਦ।
ਕਹਿ ਕਹਿ ਟਿਕਾਇ ਪੰਕਤਿ ਬਿਲੰਦ ॥੨੫॥
ਗਨ ਲਗੇ ਪਰੋਸਨ ਕੋ ਅਹਾਰ।
ਤ੍ਰਿਪਤਹਿਂ ਸੁ ਜਿਤਿਕ ਇਕ ਬਾਰ ਡਾਰਿ।
ਤੂਰਨ ਕਰੰਤਿ ਸਭਿ ਅੱਗ੍ਰ ਦੀਨਿ[1]।
[1]ਸਭ ਦੇ ਅੱਗੇ ਧਰ ਦਿੱਤਾ।
ਪੁਨ ਲਗੇ ਅਚਨ ਸਭਿ ਸ੍ਵਾਦ ਲੀਨਿ ॥੨੬॥
ਬਹੁ ਕਰਤਿ ਸਰਾਹਨ ਬਾਰ ਬਾਰ।
ਮੁਖ ਕਹਤਿ 'ਕਯੋਂ ਨ ਹੁਇ ਅਸ ਅਹਾਰ।

ਗੁਰਦੇਵ ਹੇਤੁ ਗੁਰ ਨੰਦ ਕੀਨਿ।
ਜੋ ਆਪ ਕਰਨ ਕਾਰਨ ਪ੍ਰਬੀਨ' ॥੨੭॥
ਕਿਨ ਪੰਚਾਂਮ੍ਰਿਤ ਬਰਤਾਇ ਦੀਨਿ।
ਕਿਨ ਪੂਪ, ਪੂਰਿਕਾ ਦੀਨਿ ਕੀਨਿ[1]।
[1]ਕਿਸੇ ਨੇ। (ਅ) ਦੇਣੀਆਂ ਕੀਤੀਆਂ।
ਦਧਿ ਬਰੇ ਸਜੀਰਕ[1] ਦੇਤਿ ਧਾਇ।
[1]ਜ਼ੀਰੇ ਵਾਲੇ ਦਹੀਂ ਵੜੇ।
ਬਿਨ ਜਾਚੇ ਦੇਖਤਿ ਅਧਿਕ ਪਾਇ[1] ॥੨੮॥
[1]ਬਿਨਾਂ ਮੰਗੇ (ਜਿਸ ਕਿਸ ਦੇ ਅੱਗੇ) ਦੇਖਦੇ ਹਨ (ਚੀਜ਼ ਮੁਕਣ ਵਾਲੀ) ਤਾਂ ਹੋਰ ਪਾ ਦੇਂਦੇ ਹਨ।
ਹੁਇ ਤ੍ਰਿਪਤ ਖਾਇਂ ਸ੍ਵਾਦਿਲ ਬਿਸਾਲ।
ਕਹਿਂ 'ਲੇਹੁ ਲੇਹੁ' ਫਿਰਤੇ ਉਤਾਲ।
ਬਹੁ ਮਧੁਰ ਤੁਰਸ਼[1] ਅਰੁ ਤਿਕਤ[2] ਜੋਇ।
[1]ਖਟਾਈ ਵਾਲਾ। [2]ਕਰਾਰਾ, ਮਿਰਚਾਂ ਵਾਲਾ।
ਸਭਿ ਸਨੇ ਸਨੇ ਅਚਵੰਤਿ ਸੋਇ ॥੨੯॥
ਇਕ ਬਿਮਲ ਬਾਰਿ ਦੇ ਬਾਰਿ ਬਾਰਿ[1]।
[1]ਇਕ ਸ੍ਵਛ ਜਲ ਦੇਂਦੇ ਹਨ ਘੜੀ ਮੁੜੀ।
ਚਿਤ ਮੁਦਤਿ ਤ੍ਰਿਪਤ ਸ੍ਵਾਦਤਿ ਅਹਾਰ।
ਪੁਨ ਪਾਨਿ ਪਾਨ ਕਰਿ[1] ਪਾਨ ਧੋਇ[2]।
[1]ਪਾਣੀ ਪੀਕੇ। [2]ਹੱਥ ਧੋਤੇ।
'ਗੁਰ ਧੰਨ ਧੰਨ' ਇਹ ਸ਼ਬਦ ਹੋਇ ॥੩੦॥
ਤਬਿ ਮਾਤ ਸਹਿਤ ਸਤਿਗੁਰ ਸੁਜਾਨ।
ਬਹੁ ਦਰਬ ਮਸੰਦਨ ਦੀਨਿ ਪਾਨ[1]।
[1]ਹੱਥ ਵਿੱਚ।
'ਦਿਹੁ ਸਭਿਨਿ ਜਾਇ ਨਹਿਂ ਰੌਰ ਹੋਇ।
ਬਿਧਿ ਸਾਥ ਲੇਹੁ ਨਹਿਂ ਛੂਛ ਕੋਇ' ॥੩੧॥
ਲੇ ਗਨ ਮਸੰਦ ਸਭਿਹੂਨਿ ਦੀਨਿ।
ਦਿਜ ਸੰਤ ਮਹੰਤਨਿ ਅਧਿਕ ਚੀਨਿ।
ਹਰਖੇ ਸੰਬੂਹ ਬਹੁ ਕਰਿ ਸਰਾਹਿਂ।
'ਜਸ ਲਿਯੋ ਪ੍ਰਥਮ ਗੁਰ ਜੱਗਜ ਮਾਂਹਿ ॥੩੨॥
ਗੁਰ ਸਕਲ ਕਲਾ ਪੂਰਨ ਬਿਲੰਦ।
ਸ੍ਰੀ ਹਰਿ ਗੁਬਿੰਦ ਕੇ ਹੁਇ ਮਨਿੰਦ।
ਉਤਸਾਹ ਬੁਧਿ ਤੈਸੋ ਸੁਭਾਇ।
ਉਰ ਅਤਿ ਉਦਾਰ ਜਾਨੇ ਸੁ ਜਾਇਂ ॥੩੩॥
ਜਨ ਬ੍ਰਿੰਦ ਬਿਲੰਦੈ ਕਰਿ ਨਿਹਾਲ।

ਬਖਸ਼ਹਿਂ ਅਨੰਦ ਹ੍ਵੈ ਕਰਿ ਕ੍ਰਿਪਾਲ।'
ਸੁਨਿ ਦੁਤੀ ਕਹੈ[1] ਅਚਰਜ ਸੁਨਾਇ। [1]ਦੂਜਾ ਆਖੇ।
'ਇਨ ਪਿਤਾ ਪਿਤਾਮਾ ਕੈਸਿ ਆਹਿ ॥੩੪॥
ਸ਼੍ਰੀ ਅਰਜਨ ਅਰੁ ਗੁਰ ਰਾਮਦਾਸ।
ਨਿਜ ਦਾਸ ਅਨੇਕਨਿ ਕਰਿ ਖਲਾਸ[1]। [1]ਮੁਕਤ ਕੀਤੇ।
ਅਸ ਬੰਸ ਬਿਖੈ ਜਿਨ ਜਨਮ ਆਹਿ।
ਬਡਭਾਗ ਜਿਨਹੁ ਸੇ ਰਹਹਿਂ ਪਾਹਿ' ॥੩੫॥
ਇੱਤਜਾਦਿ ਕੀਰਤੀ ਕਹਤਿ ਸਰਬ।
ਭੇ ਤ੍ਰਿਪਤ ਦੱਛਨਾ ਦੀਨਿ ਦਰਬ।
ਬਹੁ ਦੇਤਿ ਆਸ਼ਿਖਾ ਅਨੰਦ ਪਾਇ।
'ਗੁਰ ਪੁੱਤ੍ਰ ਆਰਬਲ ਬਡ ਬਧਾਇ[1] ॥੩੬॥ [1]ਵਧੇ।
ਜਬਿ ਲਗੇ[1] ਜਗਤ ਮਹਿਂ ਜਮਨ ਗੰਗ। [1]ਜਦ ਤਕ ਹੈ।
ਤਬਿ ਲਗੈ ਜਿਵਹੁ ਹੁਇ ਹਰਖ ਸੰਗ।'
ਇਮ ਭਯੋ ਜੱਗ[1] ਨਰ ਭੀਰ ਬ੍ਰਿੰਦ। [1]ਯੱਗ।
ਪੁਰਿ ਅਨੰਦ ਬਿਖੈ ਹ੍ਵੈ ਅਤਿ ਅਨੰਦ ॥੩੭॥
ਸਿਖ ਸੰਗਤਿ ਸਭਿ ਤ੍ਰਿਪਤੇ ਬਿਲੰਦ।
ਪੁਨ ਅਚਜੋ ਅਹਾਰ ਜੇਤਿਕ ਮਸੰਦ।
ਨਰ ਅਨਿਕ ਦੇਸ਼ ਕੇ ਆਇ ਆਇ।
ਕਰਿ ਦੀਏ ਸਿਵਰ ਚਿਤ ਚਾਇ ਚਾਇ ॥੩੮॥
ਸੋ ਦਿਵਸ ਬਿਤਯੋ ਪੁਨ ਬੀਤ ਰਾਤਿ।
ਸਭਿ ਗੁਰੂ ਸ਼ਬਦ ਕੌ ਗਾਇਂ ਪ੍ਰਾਤਿ।
ਬਡ ਭਯੋ ਕੁਲਾਹਲ[1] ਮੁਦਤਿ ਚੀਤ। [1]ਮੰਗਲ।
ਨਰ ਮਿਲਹਿਂ ਪਰਸਪਰ ਧਾਰਿ ਪ੍ਰੀਤ ॥੩੯॥
'ਸ਼ੁਭ ਮਾਸ ਫਾਲਗੁਨ[1] ਪ੍ਰਥਮ ਪੱਖਜ[2]†। [1]ਫਗਣ ਦਾ। [2]ਸ਼ੁਕਲਾ ਪੱਖ। †ਤਵਾ: ਖਾ: ਨੇ ਗੁਰਜਾਈ ਬੈਠਣ ਦੀ ਤ੍ਰੀਕ ਵੈਸਾਖੀ ਸੰ: ੧੭੩੩ ਲਿਖੀ ਹੈ ਅਤੇ ਪੋਹ ਵਦੀ ਨਾਵੀਂ ੧੭੩੨ ਸੰਮਤ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੱਗਜ ਦੀ ਤਿੱਥ ਦਿੱਤੀ ਹੈ ਜੋ ਸਤਾਰਵੇਂ ਦਿਨ ਗੁਰੂ

ਰੀਤੀ ਅਨੁਸਾਰ ਕੀਤਾ ਗਿਆ ਦੱਸਿਆ ਹੈ।

ਦਿਨ ਪੰਚਮੀ ਸੁ ਗਿਨ ਲਗਨ[†] ਮੁੱਖ੍ਯ[1]। — [1]ਸ਼੍ਰੇਸ਼ਟ ਲਗਨ ਵਿੱਚ। [†]ਲਗਨ ਆਦਿ ਬਾਬਤ ਪਿੱਛੇ ਲਿਖ ਆਏ ਹਾਂ, ਦੇਖੋ ਰਾਸ ੭ ਅੰਸੂ ੧ ਅੰਕ ੩੨ ਦੀ ਹੇਠਲੀ ਟੂਕ।

ਦਸਤਾਰ ਬਾਂਧਿਬੇ ਹੇਤੁ ਸੋਧ[+]।
ਠਹਿਰਾਇ ਠੀਕ ਜਿਨ ਅਧਿਕ ਬੋਧ ॥੪੦॥
ਜਹਿਂ ਕਹਿਂ ਸੁਨਾਇ ਪ੍ਰਥਮੈ ਪਠਾਇ।
ਸੁਧ ਭਈ ਜਿਨਹੁਂ ਕਰਿ ਬੇਗ ਆਇ।
ਲਵਪੁਰੀ ਸੁਧਾਸਰ ਆਦਿ ਮੇਲ।
ਸਿਖ ਸੰਗਤਿ ਸੁਨਿ ਸਭਿ ਚਲਿਯ ਗੈਲ[1] ॥੪੧॥ — [1]ਰਾਹੇ ਚੱਲ ਪਏ।
ਸ਼੍ਰੀ ਨਾਨਕ, ਅੰਗਦ, ਅਮਰ ਪਾਸ[†]। — [†]ਪਾ:-ਦਾਸ।
ਮੰਜੀ ਸਥਿਰਨ ਪਦ ਜਿਨ ਅਵਾਸ[1]। — [1]ਮੰਜੀ ਤੇ ਇਸਥਿਤ ਹੋਣ ਦੀ ਪਦਵੀ ਜਿਨ੍ਹਾਂ ਦੇ ਘਰ ਸੀ।
ਨੌ ਗੁਰਨਿ ਬਡਾਈ ਬਖਸ਼ ਜਾਹਿ[1]। — [1]ਨੌ ਗੁਰਾਂ ਤੋਂ ਜਿਨ੍ਹਾਂ ਨੂੰ ਬਖਸ਼ਿਸ਼ ਦੀ ਵਡਾਈ ਮਿਲੀ ਸੀ।
ਸਭਿ ਚਲੇ ਆਇਂ ਪੁਰਿ ਅਨੰਦ ਮਾਂਹਿ ॥੪੨॥
ਸਿਖ ਸੰਗਤਾਂਨਿ ਗਨ ਸਿਵਰ ਘਾਲਿ।
ਕੀਨੇ ਮੁਕਾਮ ਜਹਿਂ ਕਹਿਂ ਬਿਸਾਲ।
ਚਹੁਂਦਿਸ਼ਾ ਨਿਕਟਿ ਪੁਰਿ ਗ੍ਰਾਂਮ ਬ੍ਰਿੰਦ।
ਸੁਨਿ ਸੁਨਿ ਸਮੂਹ ਆਨੰਦ ਬਿਲੰਦ ॥੪੩॥

ਦੋਹਰਾ:
ਆਨਿ ਅਕੋਰਨਿ ਅਰਪਤੇ, ਆਨੀ ਸ਼ਰਧਾ ਧਾਰਿ।
'ਧੰਨ ਗੁਰੂ ਜਿਨ ਹਿੰਦੁ ਕੀ, ਰਾਖੀ ਸਿਰ ਦਸਤਾਰ[1]' ॥੪੪॥ — [1]ਸਿਰ ਦੀ ਪਗ ਭਾਵ ਪਤ ਰਖੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਜੱਗਜ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

੫. [ਦਸਤਾਰ ਬੰਦੀ]

੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬

ਦੋਹਰਾ:

ਜਬਿ ਨੌਮੇ ਪਤਿਸ਼ਾਹ ਗੁਰ, ਗਏ ਬਿਕੁੰਠ ਮਝਾਰ।
ਗੁਰਦਿੱਤਾ ਬ੍ਰਿਧ ਬੰਸ ਕੋ[1], ਸਰਬ ਪ੍ਰਕਾਰ ਨਿਹਾਰਿ ॥੧॥

[1]ਬਾਬੇ ਬੁੱਢੇ ਦੀ ਵੰਸ਼ ਦਾ।

ਚੌਪਈ:

ਤਜਿ ਦਿੱਲੀ ਤਤਛਿਨ ਚਲਿ ਗਯੋ।
ਪੰਚ ਕੋਸ ਪਰ ਪ੍ਰਾਪਤਿ ਭਯੋ।
ਅਪਨਿ ਬਡੇ ਕੋ ਪਿਖਯੋ ਸਥਾਨਾ।
ਕਿਤਿਕ ਕਾਲ ਬ੍ਰਿਧ ਰਹਯੋ ਸੁ ਜਾਨਾ[1] ॥੨॥

[1]ਬਾਬਾ ਬੁੱਢਾ ਰਿਹਾ ਸੀ ਉਹ (ਥਾਂ) ਸਿਆਣਿਆਂ।

ਪੌਢਯੋ ਤਹਾਂ ਕੁਸ਼ਾਸਨ ਕਰਿ ਕੈ[1]।
ਸ਼੍ਰੀ ਸਤਿਗੁਰ ਮੂਰਤਿ ਉਰ ਧਰਿ ਕੈ।
ਦਸਮੋ ਦ੍ਵਾਰ ਪੌਨ ਤੇ ਫੋਰਾ।
ਤ੍ਰਿਣ ਸਮ ਨਿਜ ਸਰੀਰ ਕੋ ਛੋਰਾ ॥੩॥

[1]ਕੁਸ਼ਾਂ ਦਾ ਆਸਨ ਵਿਛਾਕੇ।

ਹੇਰਿ ਨਰਨਿ ਤਿਹ ਠਾਂ ਸਸਕਾਰਾ।
ਅਬਿ ਲੌ ਚਿੰਨ੍ਹਤਿ ਥਾਨ ਨਿਹਾਰਾ[†]।

[†]ਇਹ ਟਿਕਾਣਾ ਜੋ ਕਵੀ ਜੀ ਨੇ ਆਪ ਡਿੱਠਾ ਹੈ ਜ਼ਰੂਰ ਹੋਸੀ ਪਰ ਹੁਣ ਚੋਖੀ ਤਲਾਸ਼ ਕਰਨ ਤੇ ਬੀ ਅਜੇ ਤਕ ਪਤਾ ਨਹੀਂ ਲੱਗ ਸਕਿਆ, ਮੁਮਕਿਨ ਹੈ ਇਹ ਥਾਂ ਮਜਨੂੰ ਦੇ ਟਿੱਲੇ ਤੋਂ (ਜੋ ਦਿੱਲੀ ਤੋਂ ੩ ਮੀਲ ਹੈ) ਜਮਨਾਂ ਪਾਰ ਘਾਸ ਦੀ ਜੂਹ ਵਿਚ ਦੋ ਕੁ ਮੀਲ ਅਗੇਰੇ ਕਿਤੇ ਹੋਵੇ, ਯਾ ਦਰਯਾ ਦੇ ਕਿਸੇ ਕੋਪ ਵੇਲੇ ਮਿਟ ਗਿਆ ਹੋਵੇ, ਵਿਸ਼ੇਸ਼ ਖੋਜ ਦੀ ਲੋੜ ਹੈ।

ਤਿਸ ਗੁਰਦਿੱਤੇ ਕੋ ਸੁਤ ਪਾਛੇ।
ਰਾਮ ਕੁਇਰ ਬ੍ਰਹਮ ਗਜਾਨੀ ਆਛੇ ॥੪॥
ਰਾਮਦਾਸ ਕੇ[1] ਗ੍ਰਾਮ ਅਵਾਸ।
ਨਿਜ ਸਿਖ ਕਰੇ ਸਕੇਲਨਿ ਪਾਸ।
ਆਰਬਲਾ ਲਘੁ ਹੈ ਜਿਸ ਕੇਰੀ।
ਤ੍ਰੈ ਸੰਬਤ ਬੀਤੇ ਤਿਸ ਬੇਰੀ[1] ॥੫॥

[1]ਰਮਦਾਸ ਨੱਗਰ ਹੈ, ਅੰਮ੍ਰਿਤਸਰ ਜ਼ਿਲੇ ਵਿਚ।

[1]ਜਦ ਸ਼੍ਰੀ ਗੁਰਦਿੱਤਾ ਜੀ ਪ੍ਰਲੋਕ ਗਏ ਸਨ ਸ਼੍ਰੀ ਰਾਮ ਕੁਇਰ ਜੀ ਦੀ ਉਮਰ ਤ੍ਰੈ ਸਾਲ ਦੀ ਸੀ।

ਤਿਨ ਘਰ ਜੇਤਿਕ ਸਿੱਖ ਸਯਾਨੇ।
ਪ੍ਰਥਮ ਰੀਤਿ ਸਤਿਗੁਰ ਕੀ ਜਾਨੇ।
ਲੇ ਕਰਿ ਗਨ ਅਕੋਰ ਚਲਿ ਆਏ।
ਸੰਗ ਦਾਸ ਸਿਖ ਕਰਿ ਸਮੁਦਾਏ ॥੬॥

ਪਾਤਿਸ਼ਾਹਿ ਕੇ ਜਥਾ ਵਜ਼ੀਰ।
ਤਿਮ ਗੁਰ ਘਰ ਮਹਿਂ ਇਹ ਮਤਿ ਧੀਰ।
ਪੂਰਬ ਜੋ ਗੁਰਤਾ ਕੋ ਟੀਕਾ।
ਇਹ ਨਿਜ ਹਾਥ ਕਾਢਿਤੇ ਨੀਕਾ ॥੭॥
ਤਬਿ ਸੰਗਤਿ ਮਹਿਂ ਨਿਸ਼ਚੈ ਹੋਇ।
-ਗੁਰੂ ਭਯੋ ਗਾਦੀ ਪਰ ਸੋਇ-।
ਪੰਚਮ ਪਾਤਿਸ਼ਾਹ ਤੇ ਪਾਛੇ।
ਕਲ਼ਗੀ, ਬਾਜ਼, ਸ਼ਸਤ੍ਰ ਦੇ ਆਛੇ ॥੮॥
ਸਿਰੇਪਾਉ ਬਹੁ ਮੋਲਾ ਦੇਤਿ।
ਬਸਤਰ, ਹਯ ਬਹੁ ਗੁਰੂ ਨਿਕੇਤ।
ਅਪਰ ਕਹਾਂ ਲਗ ਸਭਿ ਕੇ ਨਾਮ।
ਕਹੌਂ ਸੁ ਮੰਜੀ ਜਿਨ ਕੇ ਧਾਮ ॥੯॥
ਨਿਕਟ ਨਿਕਟ ਕੇ ਸਭਿ ਚਲਿ ਆਏ।
ਮਿਲਹਿਂ ਪਰਸਪਰ ਭਾਉ ਵਧਾਏ।
ਦੇਗ਼ ਅਟੋਟ ਗੁਰੂ ਘਰ ਹੋਇ।
ਅਚਵਹਿਂ ਤਹਾਂ ਮਿਲੇ ਸਭਿ ਕੋਇ ॥੧੦॥
ਰਾਗੀ ਬ੍ਰਿੰਦ ਰਬਾਬੀ ਸਾਰੇ।
ਆਇਂ ਅਨੰਦਪੁਰਿ ਦਰਸ ਨਿਹਾਰੇਂ।
ਕੇਤਿਕ ਢਾਢੀ ਚਲਿ ਕਰਿ ਆਏ।
ਜਿਨਹੁੰ ਅਖਾਰੇ ਬੀਰਨਿ[1] ਗਾਏ ॥੧੧॥
ਡੋਮ ਭਾਟ ਆਦਿਕ ਹਿਤ ਜਾਚਾ।
ਹੇਰਨਿ ਹੇਤੁ ਨਵੌਂ ਗੁਰ ਸਾਚਾ।
ਅਨਿਕ ਦੇਸ਼ ਤੇ ਚਲਿ ਕਰਿ ਆਏ।
ਜਿਤ ਕਿਤ ਦੀਖਤਿ ਨਰ ਸਮੁਦਾਏ ॥੧੨॥
ਚੌਥ ਦਿਵਸ ਕੋ ਮੇਲ ਸਕੇਲਾ।
ਫਿਰਤਿ ਪਰਸਪਰ ਲਾਗਿ ਧਕੇਲਾ।
ਅਤਿ ਉਤਸਾਹ ਅਨੰਦ ਪੁਰਿ ਹੋਵਤਿ।
ਦੂਰ ਦੂਰ ਕੇ ਨਰ ਗਨ ਜੋਵਤਿ[1] ॥੧੩॥
ਨਟ ਨਿਰਤਕ ਗਨ ਆਇਂ ਕਲਾਵਤ[1]।
ਥਿਰਹਿਂ ਗੁਰੂ ਕੇ ਜਸ ਗੁਨ ਗਾਵਤਿ।

[1]ਸੂਰਮਿਆਂ ਦੇ।

[1]ਦੇਖਦੇ ਹਨ।

[1]ਇਕ ਤਰ੍ਹਾਂ ਦੇ ਗਾਵਣ ਵਾਲੇ।

ਇੱਤ੍ਯਾਦਿਕ ਬਹੁ ਕੌਤਕ ਹੋਤਿ।
ਸਭਿ ਕੇ ਹਿਰਦੇ ਮੋਦ ਉਦੋਤ ॥ ੧੪ ॥
ਜਾਗ੍ਰਨਿ ਭਯੋ ਨਿਸਾ ਤਿਸ ਮਾਂਹੀ।
ਕਿਰਤਨ ਹੋਤਿ ਅਨੰਦ ਉਰ ਮਾਂਹੀ।
ਨਿਜ ਨਿਜ ਸੰਗਤਿ ਬਿਖੈ ਮਸੰਦ।
ਬੈਠੇ ਜਾਗ੍ਰਨਿ ਕੀਨਿ ਬਿਲੰਦ ॥ ੧੫ ॥
ਭਈ ਭੋਰ ਸਭਿ ਠਾਨਿ ਸ਼ਨਾਨਾ।
ਪਠਹਿਂ ਗਿਰਾ ਗੁਰ ਕੀ ਬਿਧਿ ਨਾਨਾ[1]।
ਬਸਤ੍ਰ ਨਵੀਨੇ ਮੋਲ ਬਡੇਰੇ।
ਪਹਿਰਤਿ ਕਹਤਿ 'ਆਜ ਗੁਰ ਹੇਰੇਂ[1]' ॥ ੧੬ ॥
ਸ਼੍ਰੀ ਬੇਦੀ ਤੇਹਣ ਕੁਲ ਆਈ।
ਸ਼੍ਰੀ ਗੁਰ ਅਮਰ ਅੰਸ਼ ਸਮੁਦਾਈ।
ਨਿਜ ਨਿਜ ਡੇਰੇ ਸਭਿ ਹ੍ਵੈ ਤਯਾਰ।
ਬੈਠੇ ਮਨ ਪ੍ਰਤੀਖਨਾ ਧਾਰਿ ॥ ੧੭ ॥
ਸੰਤ, ਮਹੰਤ, ਸਾਧ ਬਹੁ ਭਾਂਤੀ।
ਚਿਤ ਮਹਿਂ ਚੌਂਪ, ਅਪਰ ਸਭਿ ਜਾਤੀ[1]।
ਸੂਰਜ ਮਲ ਕੇ ਪੌਤ੍ਰੇ ਦੋਈ।
ਦੇਖਨਿ ਹੇਤੁ ਹਰਖ ਧਰਿ ਸੋਈ ॥ ੧੮ ॥
ਸ਼੍ਰੀ ਗੋਬਿੰਦ ਸਿੰਘ ਕੋ ਅਭਿਖੇਕ[1]।
ਉਤਲਾਵਤਿ ਹਿਤ ਪਿਖਿਨਿ ਅਨੇਕ।
ਲੈ ਦਸਤਾਰ ਆਦਿ ਗਨ ਭੇਟ।
ਮਿਲਯੋ ਚਹਤਿ ਚਿਤ ਪ੍ਰੇਮ ਲਪੇਟ ॥ ੧੯ ॥
ਸ਼੍ਰੀ ਗੁਜਰੀ ਭ੍ਰਾਤਾ ਨਿਜ[1] ਪ੍ਰੇਰਾ।
'ਤਯਾਰੀ ਕਰਹੁ ਸਕਲ ਬਿਨ ਬੇਰਾ[1]।
ਸੂਖਮ ਬਸਤ੍ਰ ਸਰੀਰ ਸਜਾਵਹੁ।
ਰੁਚਿਰ ਬਿਭੂਖਨ ਕੋ ਪਹਿਰਾਵਹੁ' ॥ ੨੦ ॥
ਸੁਨਿ ਕ੍ਰਿਪਾਲ ਨਿਜ ਹਾਥ ਸੁਧਾਰਿ।
ਸਭਿ ਦਾਸਨਿ ਪਰ ਹੁਕਮ ਉਚਾਰਿ।
'ਦੀਹ ਦਮਦਮਾ ਤੁੰਗ ਘਨੇਰਾ।

[1]ਕਈ ਤਰ੍ਹਾਂ ਨਾਲ ਗੁਰਬਾਣੀ ਪੜ੍ਹਦੇ ਹਨ।
[1]ਅੱਜ ਗੁਰਾਂ ਦੇ ਦਰਸ਼ਨ ਹੋਣਗੇ।
[1]ਹੋਰ ਸਭ ਜਾਤੀਆਂ ਦੇ।
[1]ਗੁਰਤਾ ਤਿਲਕ।
[1]ਭਾਵ ਮਾਮਾ ਕ੍ਰਿਪਾਲ ਜੀ ਨੂੰ।
[1]ਛੇਤੀ।

ਰਚਹੁ ਰੁਚਿਰ ਤਹਿਂ ਫਰਸ਼ ਬਡੇਰਾ ॥੨੧॥
ਸੂਰਜਮੁਖੀ ਹਾਥ ਗਹਿ ਥਿਰੋ।
ਕੰਚਨ ਦੰਡ ਚਵਰ ਕਰ ਧਰੋ।
ਸੁੰਦਰ ਗਾਦੀ ਰਚੀਅਹਿ ਗੁਰ ਕੀ।
ਜਥਾ ਰੀਤਿ ਬਰਤੈ ਬਰ ਧੁਰ ਕੀ[1] ॥੨੨॥ [1]ਆਦਿ ਦੀ।
ਜ਼ਰੀਦਾਰ ਮਖਮਲ ਉਪਧਾਨੁ[1]। [1]ਤਕੀਆ।
ਕਰਹੁ ਟਿਕਾਵਨਿ ਸੁੰਦਰ ਆਨਿ।
ਪਠਹੁ ਮੇਵਰਾ ਸੰਗਤਿ ਮਾਂਹਿ।
ਪਹੁੰਚਹਿਂ ਸਕਲ ਦਮਦਮਾ ਜਾਂਹਿ ॥੨੩॥
ਇੱਤਜਾਦਿਕਿ ਕਾਰਜ ਜੇ ਔਰ।
ਸਵਾਧਾਨ ਕੀਨੇ ਸਭਿ ਠੌਰ।
ਸ਼੍ਰੀ ਗੁਰ ਗੋਬਿੰਦ ਸਿੰਘ ਸ਼ਨਾਨੇ।
ਸੂਖਮ ਬਸਤ੍ਰ ਦਾਸ ਗਨ ਆਨੇ ॥੨੪॥
ਪਹਿਰਤਿ ਭਏ ਅੰਗ ਬਡ ਸ਼ੋਭਾ।
ਦੇਖਤਿ ਸਭਿ ਕੋ ਮਨ ਬਹੁ ਲੋਭਾ।
ਸੁੰਦਰ ਸਿਰ ਦਸਤਾਰ ਸਜਾਈ।
ਮੁਕਤਾ ਮਾਲ ਬਿਸਾਲ ਸੁਹਾਈ ॥੨੫॥
ਹੀਰਨਿ ਜਰੇ ਹੇਮ ਕੀ ਮੁਸ਼ਟ।
ਪਹਿਰਜੋ ਖੜਗ ਲੋਹ ਬਹੁ ਸੁਸ਼ਟ[1]। [1]ਸ੍ਰੇਸ਼ਟ।
ਮੁਕਤਾ ਗੁੱਛੇ ਸੰਗ ਨਿਖੰਗ[1]। [1]ਭੱਥਾ।
ਭਰ ਕਰਿ ਤੀਖਨ ਬ੍ਰਿੰਦ ਖਤੰਗ[1] ॥੨੬॥ [1]ਤੀਰ।
ਪਾਇ ਗਰੇ ਮਹਿਂ ਬਾਂਧੀ ਕਮਰ।
ਸੰਮਤ ਦਸਮੇ ਮਹਿਂ ਜਿਨ ਉਮਰ।
ਖੰਜਰ[1], ਜਮਧਰ, ਬਿਛੂਆ ਲੀਨਿ। [1]ਕਟਾਰ।
ਕਮਰ ਕਸੇ ਮਹਿਂ ਧਾਰਿ ਪ੍ਰਬੀਨ ॥੨੭॥
ਪਾਨ[1] ਕਮਾਨ ਲਹੌਰੀ ਧਰਿ ਕੈ। [1]ਹੱਥ ਵਿਚ।
ਹੇਰਤਿ ਸਰ[1] ਕਰ ਫੇਰਨਿ ਕਰਿ ਕੈ। [1]ਬਾਣ।
ਅਨਿਕ ਬਿਭੂਖਨਿ ਚਾਮੀਕਰ ਕੇ।
ਜਥਾ ਜੋਗ ਸਭਿ ਪਹਿਰਨ ਕਰਿ ਕੈ ॥੨੮॥

ਜੁਗ ਮਾਤਨਿ ਕੋ ਕਰਿ ਪਦ ਬੰਦਨ।
ਅਭਿਨੰਦਨ[1] ਹ੍ਵੈ ਦੇਖਯੋ ਨੰਦਨ। [1]ਚਿਤੋਂ ਪ੍ਰਸੰਨ ਹੋ ਕੇ (ਮਾਵਾਂ ਨੇ)।
ਦੇਤਿ ਅਸੀਸ, ਸੀਸ ਕਰ ਫੇਰਾ।
'ਹੋਵਹੁ ਸੁਜਸੁ ਪ੍ਰਤਾਪ ਉਚੇਰਾ' ॥੨੯॥
ਨਿਕਸੇ ਸਦਨ ਪੌਰ ਗੁਰ ਪੂਰੇ।
ਪੰਕਜ ਪਾਇ ਉਪਾਨਯ ਰੂਰੇ[1]। [1]ਚਰਨਾਂ ਕਮਲਾਂ ਵਿਚ ਸੋਹਣਾ ਜੋੜਾ ਹੈ।
ਦਰਸ ਹੇਤੁ ਸਿਖ ਖਰੇ ਹਜ਼ਾਰੋਂ।
ਉਮਗੇ ਜਨੁ ਜਲ ਪਾਰਾਵਾਰੋ[1] ॥੩੦॥ [1]ਸਮੁੰਦਰ ਦਾ ਜਲ।
ਸਤਿਗੁਰ ਚੰਦ ਮਨਿੰਦੇ ਦੇਖਾ।
ਸਿਰ ਨੰਮ੍ਰੀ ਇਕ ਬਾਰਿ ਅਸ਼ੇਖਾ[1]। [1]ਸਾਰਿਆਂ ਨੇ ਇਕ ਬਾਰ ਸਿਰ ਨੀਵਾਂ ਕੀਤਾ।
ਹੇਮ ਲਸ਼ਟਕਾ ਗਹੇ ਅਗਾਰੀ।
ਉਚ ਅਵਾਜ ਨਕੀਬ[1] ਉਚਾਰੀ ॥੩੧॥ [1]ਚੋਬਦਾਰ ਨੇ।
ਬੋਲਤਿ ਭਾਟ ਕਬਿੱਤਨਿ ਚਾਲੇ।
ਲਖਿ ਆਗਵਨ ਸਿੱਖ ਸੰਭਾਲੇ[1]। [1]ਸ੍ਰੀ ਗੁਰੂ ਜੀ ਦਾ) ਆਵਣਾ ਜਾਣਕੇ ਸਿਖ ਸੰਭਲੇ ਭਾਵ ਖੜੇ ਹੋਏ।
ਆਨਿ ਆਨਿ ਗਨ ਮਿਲਹਿਂ ਅਗਾਰੀ।
ਸੀਸ ਨੰਮ੍ਰਿ ਪੁਨ ਚਲਹਿਂ ਪਿਛਾਰੀ ॥੩੨॥
ਸਭਿ ਪੁਰਿ ਬਿਖੈ ਕੁਲਾਹਲ ਹੋਵਾ।
ਹਿਤ ਜੋਵਨ[1] ਕੇ ਕੀਨਸਿ ਢੋਵਾ[2]। [1]ਦਰਸ਼ਨ ਕਰਨ ਲਈ। [2]ਮੇਲ।
ਕੰਚਨ ਜ਼ੀਨ ਤੁਰੰਗਮ ਸੋਹੇ।
ਬਲੀ ਚਪਲ ਪੈ ਗੁਰੂ ਅਰੋਹੇ ॥੩੩॥
ਸਨੇ ਸਨੇ ਤਬਿ ਕੀਨਿ ਪਯਾਨਾ।
ਗਰੀਅਨਿ ਮਹਿਂ ਠਾਂਢੇ ਨਰ ਆਨਾ।
ਮਨਹੁਂ ਚਕੋਰ ਚੰਦ ਕੋ ਜੋਵੈਂ।
ਰਿਦੈ ਅਨੰਦ ਨੰਮ੍ਰਿ ਸਿਰ ਹੋਵੈਂ ॥੩੪॥
ਸਭਿ ਦਿਸ਼ਿ ਦੇਖਤਿ ਜਾਤਿ ਕ੍ਰਿਪਾਲ।
ਹੁਇਂ ਨਿਹਾਲ ਸ਼ਰਧਾਲੁ ਬਿਸਾਲ।
ਭਈ ਭੀਰ ਬਹੁ ਮਾਨਵ ਕੇਰੀ।
ਚਲਹਿ ਪਿਛਾਰੀ ਮੰਗਲ ਹੇਰੀ ॥੩੫॥
ਇਸ ਬਿਧਿ ਗਏ ਦਮਦਮੇ ਥਾਨ।
ਅਹੈ ਉਤੰਗ ਸੁ ਚਾਰੁ ਮਹਾਨ[1]। [1]ਬੜਾ ਸੁੰਦਰ।

ਉਤਰਿ ਤੁਰੰਗ ਤੇ ਤਹਿਂ ਚਢਿ ਗਏ।
ਮਾਤੁਲ ਨਿਕਟ ਸੰਗ ਨਿਜ ਲਿਏ ॥੩੬॥
ਹੁਤੇ ਜੁ ਆਗੇ, ਸਭਿ ਤਬਿ ਠਾਢੇ।
ਬੰਦਨ ਕਰਹਿਂ ਪ੍ਰੇਮ ਉਰ ਬਾਢੇ।
ਸ੍ਰੀ ਗੋਬਿੰਦ ਸਿੰਘ ਤਖਤ ਨਿਹਾਰਾ।
ਜੋਰਤਿ ਕਰ ਪ੍ਰਣਾਮ ਕੋ ਧਾਰਾ ॥੩੭॥
ਬੇਦੀ, ਤ੍ਰੇਹਣ, ਭੱਲੇ ਬੰਸ।
ਤਿਨ ਦਿਸ਼ਿ ਪਿਖਿ ਸੋਢੀ ਅਵਿਤੰਸ਼[1]। — [1]ਭਾਵ ਗੁਰੂ ਜੀ ਨੇ।
ਸਭਿਹਿਨਿ ਕੀ ਆਇਸੁ ਕੋ ਪਾਇ।
ਭਏ ਅਰੂਢਨਿ[1] ਗੁਰਨਿ ਮਨਾਇ ॥੩੮॥ — [1]ਗੁਰਿਆਈ ਦੇ ਤਖਤ ਤੇ) ਚੜ੍ਹੇ।
ਗੁਰਤਾ ਸਜੰਦਨ[1] ਪਰ ਆਰੋਹੇ। — [1]ਰੂਪੀ) ਰਥ।
ਦਿਖਯੋ ਪ੍ਰਤਾਪ ਦਯੋਸਪਤਿ ਮੋਹੇ[1]। — [1]ਸੂਰਜ ਸਮਾਨ ਪ੍ਰਤਾਪ ਸ਼ੋਭਨੀਕ ਹੋਕੇ ਦਿੱਸਿਆ।
ਗਨ ਸੰਗਤਿ ਪੰਕਜ ਬਿਗਸੰਤੇ।
ਬਿਚ ਮਕਰੰਦ ਅਨੰਦ ਬਧੰਤੇ ॥੩੯॥
ਗਨ ਦੁੰਦਭਿ ਬਾਜੇ ਸ਼ਦਿਯਾਨੇ[1]। — [1]ਬਹੁਤ ਵਾਜਿਆਂ ਤੋਂ ਸ਼ਾਦਿਆਨੇ ਵੱਜੇ। [ਸ਼ਦਿਆਨਾ = ਵਜੰਤ੍ਰੀਆਂ ਦੀ ਇਕ ਸ਼ਾਦੀ ਸੂਚਕ ਧਾਰਨਾ, ਖੁਸ਼ੀ ਦਾ ਵਾਜਾ]।
'ਜੈ ਜੈ ਗੁਰ ਕੀ' ਬਾਕ ਬਖਾਨੇ।
ਅਤਿਸ਼ੈ ਮੰਗਲ ਜਾਨਿ ਸੁਜਾਨੇ।
ਨਾਨਾ ਅਪਨਿ[1] ਅਕੋਰਨਿ ਆਨੇ ॥੪੦॥ — [1]ਅਪਨੀਆਂ।
ਸਭਿ ਆਏ ਲੇ ਤਬਹਿ ਮਸੰਦ।
ਰਾਮਕੁਇਰ ਤੇ ਆਦਿ ਬਿਲੰਦ।
ਸੰਗ ਸੰਗਤਾਂ ਸਿਖ ਸਮੁਦਾਇ।
ਪਹੁੰਚੇ ਤਬਹਿ ਦਮਦਮੇ ਆਇ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁੱਤੇ 'ਤਖਤ ਬੈਠਨਿ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

੬. [ਸੰਗਤਾਂ ਦਾ ਆਉਣਾ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਬ੍ਰਿੰਦ ਮਸੰਦ ਅਨੰਦ ਉਰ ਲਜਾਇ ਬਿਲੰਦ ਅਕੋਰ।
ਆਨ ਥਿਰੇ ਗੁਰ ਅੱਗ੍ਰ ਸਭਿ ਬੰਦਤਿ ਹੈਂ ਕਰ ਜੋਰਿ ॥੧॥

ਚੌਪਈ:

ਬ੍ਰਿਧਕੇ ਘਰ ਕੀ ਸੂਖਮ ਚਾਰੁ[1]।
ਪੂਰਬ ਦੇਤਿ ਭਏ ਦਸਤਾਰ।
ਕੋਰਦਾਰ[1], ਚਹੁ ਓਰਨ ਚੀਰੇ[2]।
ਜਰੇ ਬਿਕੀਮਤ ਜਿਸ ਮਹਿਂ ਹੀਰੇ ॥੨॥
ਜ਼ਬਰ ਜ਼ੇਬ ਜੁਤਿ ਜਗਮਗਕਾਰੀ[1]।
ਜਿਗਾ ਦਈ ਸਿਰ ਬੰਧਿ ਉਦਾਰੀ।
ਜਰੇ[1] ਜਵਾਹਰ ਜਾਗਤਿ ਜੋਤੀ।
ਉੱਜਲ ਗੋਲ ਪੋਇ ਬਿਚ ਮੋਤੀ ॥੩॥
ਕਲ਼ਗੀ ਚਾਰੁ ਉਤੰਗਹਿ ਕਰੀ[1]।
ਸਤਿਗੁਰ ਸੀਸ ਧਰੀ ਬਿਧਿ ਖਰੀ[1]।
ਬਹੁ ਮੋਲਾ ਇਕ ਦੀਨਸਿ ਬਾਜ਼[1]।
ਕਰ ਬਿਠਾਇ ਦੇਖਯੋ ਮਹਾਂਰਾਜ ॥੪॥
ਬੇਦੀ, ਤੇਹਣ, ਭੱਲਜਨ ਬੰਸ।
ਦੇਤਿ ਬਸਤ੍ਰ ਸ਼ੁਭ ਅਰੁ ਅਵਿਤੰਸ਼[1]।
ਪੁਨ ਮਸੰਦ ਗਨ ਦੇਸ਼ਨਿ ਕੇਰੇ।
ਧਰਿਤੇ ਨਿਜ ਨਿਜ ਭੇਟ ਅਗੇਰੇ ॥੫॥
ਲਗਯੋ ਅੰਬਾਰ ਪਾਰ ਕਛੁ ਨਾਂਹੀ।
ਗੁਰ ਪ੍ਰਸੰਨਤਾ ਹਿਤ ਅਰਪਾਹੀਂ।
ਇਕ ਬਿਰ[1] ਬੋਲ ਉਠੇ ਜੈਕਾਰਾ।
ਭਯੋ ਸਮਾਜ ਅਨੰਦਤਿ ਸਾਰਾ ॥੬॥
ਕਰਤਿ ਮੇਵਰੋ ਪਿਖਿ ਅਰਦਾਸ।
ਨਾਮ ਸੁਨਾਇ ਸਭਿਨਿ ਗੁਰ ਪਾਸ।
ਪੰਚਾਂਮ੍ਰਿਤ ਹਜ਼ਾਰ ਕੋ ਆਯੋ।
ਲੇ ਗੁਰ ਨਾਮ ਸਕਲ ਵਰਤਾਯੋ ॥੭॥
ਸੰਗਤਿ ਉਤਰੀ ਜਿਸ ਜਿਸ ਥਾਨ।
ਕੀਨਿ ਪੁਚਾਵਨਿ ਤਹਿਂ ਤਹਿਂ ਜਾਨਿ[1]।

[1]ਬ੍ਰੀਕ ਤੇ ਸੁਹਣੀ।
[1]ਕਿਨਾਰਿਆਂ ਯਾ ਪਹਿਲਾਂ ਵਾਲੇ। [2]ਚਾਰੋਂ ਪਾਸਿਓਂ ਚੀਰੇ ਹੋਏ ਹੀਰੇ।
[1]ਬੜੀ ਸ਼ੋਭਾ ਵਾਲੀ ਤੇ ਜਗਮਗ ਕਰਨ ਵਾਲੀ।
[1]ਜੜੇ ਹਨ।
[1]ਉੱਚੀ ਕੀਤੀ।
[1]ਚੰਗੀ ਤਰ੍ਹਾਂ।
[1]ਬਾਜ਼ [ਫਾ. ਬਾਜ਼]।
[1]ਸ਼ੁਭ ਕੱਪੜੇ ਤੇ ਗਹਿਣੇ ਦੇਂਦੇ ਹਨ।
[1]ਇੱਕੋ ਵੇਰੀ।
[1]ਜਾਕੇ। (ਅ) (ਟਿਕਾਣੇ) ਲੱਭ ਲੱਭ ਕੇ।

ਸ਼ਬਦ ਰਬਾਬੀ ਗਾਵਤਿ ਤਹਾਂ।
ਬਸਤ੍ਰ ਸਹਿਤ ਧਨ ਦੀਨੋ ਮਹਾਂ ॥੮॥
ਇਕ ਪੌੜੀ ਢਾਢੀ ਜਬਿ ਲਾਈ।
ਮਨ ਭਾਵਤਿ ਬਖਸ਼ਿਸ਼ ਤਿਨ ਪਾਈ।
ਭਾਟ ਕਲਾਵਤ ਆਦਿਕ ਜਾਚੇ।
ਦਰਬ ਸਰਬ ਕੋ ਦੇ ਗੁਰ ਸਾਚੇ ॥੯॥
ਬਿੱਪ੍ਰਨ ਦਾਨ ਅਧਿਕ ਹੀ ਪਾਯੋ।
ਸਭਿਨਿ ਆਸ਼ਿਖਾ ਬਾਦ ਅਲਾਯੋ।
ਜਹਿਂ ਕਹਿਂ ਜਾਚਕ ਸੁਜਸੁ ਉਚਾਰਹਿਂ।
'ਸ਼੍ਰੀ ਗੁਰ! ਤੁਮ ਬਿਨ ਕੋ ਪ੍ਰਿਤਪਾਰਹਿ? ॥੧੦॥
ਘਟ ਘਟ ਮਾਲਿਕ ਦੇਤੇ ਦਾਨ।
ਲੇ ਤੁਮ ਤੇ ਸਭਿ ਖਾਇ ਜਹਾਨ।'
ਸਾਧਨ[1] ਕੇਰ ਜਮਾਤ ਜੁ ਆਈ[†]।
ਰਣ ਸਿੰਗੇ ਤੁਰਰੀ ਸੁ ਬਜਾਈ ॥੧੧॥
ਭਰਿ ਭਰਿ ਫੂਕੈਂ ਸੰਖ ਬਜਾਏਂ।
ਪਿਖਿ ਪਿਖਿ ਗੁਰ ਮੂਰਤਿ ਹਰਖਾਏਂ।
ਉਤਸਵ ਭਯੋ ਸਭਿਨਿ ਮਹਿਂ ਭਾਰੀ।
ਪੁਰਿ ਅਨੰਦ ਹਰਖਤਿ ਨਰ ਨਾਰੀ ॥੧੨॥
ਕਲਗ਼ੀ ਰਹੀ ਬਿਰਾਜਿ ਉਤੰਗਾ।
ਦਮਕਤਿ ਮੁਕਤਾ[1] ਹੀਰਨਿ ਸੰਗਾ।
ਚਮਰ ਢੁਰਤਿ ਸੁਠ ਬਾਰੰਬਾਰਾ।
ਉੱਜਲ ਹੰਸ ਮਨਿੰਦ ਉਦਾਰਾ ॥੧੩॥
ਦਰਸੈਂ ਸ਼ੋਭਾ ਖਰ ਕਿਤੇਕ।
ਬੈਠਿ ਬਿਲੋਕਤਿ ਸਿੱਖ ਅਨੇਕ।
ਸਭਿ ਕੇ ਦ੍ਰਿਗ ਇਕ ਟਕ ਲਗਿ ਐਸੇ।
ਗਨ ਚਕੋਰ ਸਸਿ ਕੇ ਦਿਸ਼ਿ[1] ਜੈਸੇ ॥੧੪॥
ਮਨ ਬਰਬਸ ਹੀ ਸਰਬ ਚੁਰਾਏ[1]।
ਜਨੁ ਸੂਰਜ ਮੁਖਿ ਕਮਲ ਖਿਰਾਏ।

[1]ਸਾਧਾਂ ਦੀ। [†]ਇਨ੍ਹਾਂ ਸਾਧੂਆਂ ਤੋਂ ਮੁਰਾਦ ਉਦਾਸੀ ਸੰਤਾਂ ਦੀ ਹੈ।

[1]ਮੋਤੀ।

[1]ਚੰਦ ਵਲ।

[1]ਮੱਲੋ ਮੱਲੀ ਹੀ ਸਾਰਿਆਂ ਦੇ ਮਨ ਮੋਹਤਿ ਹੋ ਗਏ।

ਏਕ ਜਾਮ ਲੌ ਥਿਰ ਤਹਿਂ ਭਏ।
ਸਭਿਨਿ ਮਨੋਰਥ ਪੂਰਨ ਕਏ ॥੧੫॥
ਜਥਾ ਜੋਗ ਜੋ ਬੇਦੀ ਆਦਿ।
ਸਨਮਾਨੇ ਦੀਨੋ ਅਹਿਲਾਦ।
ਸੰਤ, ਮਹੰਤ, ਮਸੰਦ ਜਿ ਬ੍ਰਿੰਦ।
ਦੀਨਿ ਅਨੰਦ ਬਿਲੰਦ ਮੁਕੰਦ[1] ॥੧੬॥
[1]ਭਾਵ ਗੁਰੂ ਜੀ ਨੇ।
ਸਭਿ ਦਿਸ਼ਿ ਦੇਖਤਿ ਉਠੇ ਗੁਸਾਈਂ।
ਕਰ ਧਰਿ ਧਨੁ ਸਰ ਦੁਤਿ ਬਹੁ ਪਾਈ[1]।
[1]ਹਥ ਵਿੱਚ ਫੜੇ ਧਨੁਖ ਬਾਨ ਨੇ ਬੜੀ ਸ਼ੋਭਾ ਪਾਈ ਹੈ।
ਸਾਥ ਕ੍ਰਿਪਾਲ[1] ਲਏ ਚਲਿ ਆਏ।
[1]ਮਾਮਾ ਕ੍ਰਿਪਾਲ ਜੀ।
ਜਿਤ ਕਿਤ ਸਿਖ ਸੰਗਤਿ ਸਮੁਦਾਏ ॥੧੭॥
ਗਰੀ ਬਜ਼ਾਰਨਿ ਖਰੇ ਨਿਹਾਰੈਂ।
ਬੰਦਿ ਬੰਦਿ ਕਰ ਬੰਦਨ ਧਾਰੈਂ।
ਮੰਦ ਮੰਦ ਗਮਨੇ ਨਿਜ ਪੌਰ।
ਪਹੁੰਚਤਿ ਭੇ ਸੋਢੀ ਸਿਰਮੌਰ ॥੧੮॥
ਉਤਰਿ ਤੁਰੰਗ ਤੇ ਅੰਤਰ ਗਏ।
ਜੁਗ ਮਾਤਨਿ ਕੋ ਦੇਖਤਿ ਭਏ।
ਪ੍ਰਥਮ ਨਾਨਕੀ ਕੋ ਕਰਿ ਨਮੋਂ।
ਪਿਖਿ ਪੌਤ੍ਰੇ ਕੀ ਛਬਿ ਤਿਹ ਸਮੋਂ ॥੧੯॥
ਅਤਿ ਅਨੰਦ ਮਯ[1] ਹਿਰਦੈ ਹੋਈ।
[1]ਅਨੰਦ ਸਰੂਪ।
ਚਿੰਤਾ ਸੰਕਟ ਮਨ ਤੇ ਖੋਈ।
ਨਿਕਟ ਬਿਠਾਇ ਸੁੰਘਤੀ ਭਾਲ।
ਵਾਰਜੋ ਊਪਰ ਦਰਬ ਬਿਸਾਲ ॥੨੦॥
ਪਠਿਓ 'ਵਹਿਰ ਜਾਚਿਕਨਿ ਦੀਜੈ।
ਸਭਿ ਤੇ ਸ਼ੁਭਿ ਅਸ਼ੀਸ਼ ਕੋ ਲੀਜੈ।'
ਚਿਤਵਤਿ ਭਈ ਬਾਕ ਬਰ ਪਤਿ ਕੇ[1]।
[1]ਸ੍ਰੇਸ਼ਟ ਪਤੀ ਦੇ।
ਭਾਖੇ ਚਿਰੰਕਾਲ ਭਾ ਹਿਤ ਕੇ[1] ॥੨੧॥
[1]ਹਿਤ ਦੇ ਵਾਕ ਸਮਾਂ ਹੋਇਆ ਤਾਂ ਕਹੇ ਸਨ।
-ਪੌਤ੍ਰਾ ਹੋਇ ਬਿਸਾਲ ਪ੍ਰਤਾਪੀ।
ਪਾਪੀ ਨਰਨਿ ਕਲਾਪਨ ਖਾਪੀ[1]।
[1]ਬਹੁਤੇ ਪਾਪੀ ਨਰਾਂ ਨੂੰ ਖਪਾਉਣ ਵਾਲਾ।
ਸ਼੍ਰੀ ਨਾਨਕ ਕੋ ਉੱਜਲ ਨਾਮੁ।
ਕਰਹਿ ਅਧਿਕਤਾ ਜਗ ਅਭਿਰਾਮੁ- ॥੨੨॥

ਸਿਮਰਿ ਸਿਮਰਿ[1] ਸੁਖ ਪਾਇ ਬਡੇਰਾ।
ਬਾਰ ਬਾਰਿ ਤਬਿ ਸ਼੍ਰੀ ਮੁਖ ਹੇਰਾ।
ਹਾਥ ਸਪਰਸ਼ਤਿ ਸੁਤ ਕੇ ਸੁਤ ਕੋ[1]।
ਤਜਜੋ ਸ਼ੋਕ ਧਰਿ ਆਨੰਦ ਚਿਤ ਕੋ ॥੨੩॥
ਪੁਨ ਗੁਜਰੀ ਕੋ ਬੰਦਨ ਕਰੀ।
ਬੋਲੀ 'ਆਜ ਧੰਨ ਇਹ ਘਰੀ।'
ਵਾਰਤਿ ਸਿਰ ਪਰ ਧਨ ਕੀ ਥਾਤੀ।
ਕਰੀ ਹਰਖ ਭਰਿ ਸੀਤਲ ਛਾਤੀ ॥੨੪॥
ਇਸ ਬਿਧਿ ਮਿਲਿ ਜੁਗ ਮਾਤਨਿ ਸਾਥ।
ਬੈਠੇ ਅਪਰ ਥਾਨ ਪੁਨ ਨਾਥ।
ਅਨਿਕ ਬਿਧਿਨ ਕੇ ਭੋਜਨ ਬਨੇ।
ਸ੍ਵਾਦਤਿ ਘਨੇ ਸਕਲ ਰਸ ਸਨੇ ॥੨੫॥
ਥਾਰ ਪਰੋਸਜੋ ਜੁਤਿ ਚਤੁਰਾਈ।
ਤੁਰਸ਼, ਸਲਵਣ, ਤਿਕਤ, ਮਧੁਰਾਈ।
ਭਲੇ ਅਛਾਦਨ ਕਰਿ ਕੈ ਲਜਾਯੋ।
ਚੌਂਕੀ ਪਰ ਗੁਰ ਅੱਗ੍ਰ ਟਿਕਾਯੋ ॥੨੬॥
ਅਚਵਤਿ ਭਏ ਸ੍ਵਾਦ ਕੋ ਪਾਇ।
ਬਖਸ਼ਜੋ ਪਾਚਕ[1] ਧਨ ਸਮੁਦਾਇ।
ਭਯੋ ਨਿਹਾਲ ਸੁਜਸੁ ਕੋ ਠਾਨਤਿ।
ਜਹਿਂ ਕਹਿਂ ਸੰਗਤਿ ਬਿਖੈ ਬਖਾਨਤਿ ॥੨੭॥
ਬਹੁਰ ਦੇਗ਼ ਸਭਿ ਮਹਿਂ ਵਰਤਾਈ।
ਜੋ ਆਵੈ ਸੋ ਲੇ ਤ੍ਰਿਪਤਾਈ।
ਸ੍ਵਾਦਲ ਭੋਜਨ ਖਾਇ ਘਨੇਰੇ।
ਤੋਟ ਨ ਜਿਸ ਕੀ ਖਰਚ ਬਡੇਰੇ ॥੨੮॥
ਬਰਤਨ ਲਗੀ ਦੁਪਹਿਰੇ ਕਾਲਾ।
ਦੇਤਿ ਲੇਤਿ ਨਰ ਆਵਤਿ ਜਾਲਾ।
ਜਾਮ ਨਿਸਾ ਲਗਿ[1] ਤਿਸੀ ਪ੍ਰਕਾਰਾ।
ਸਿਖ ਸੰਗਤਿ ਅਚਵੰਤਿ ਅਹਾਰਾ ॥੨੯॥
ਦਿਨ ਪ੍ਰਤਿ ਰੀਤਿ ਇਹੀ ਠਹਿਰਾਈ।
ਸੰਗਤਿ ਆਇ ਵਧਤਿ ਅਧਿਕਾਈ।

[1]ਪਿਛਲੀਆਂ ਗਲਾਂ ਚੇਤੇ ਕਰ ਕਰਕੇ(ਮਾਤਾ ਜੀ)।
[1]ਪੋਤ੍ਰੇ ਦਾ।
[1]ਰਸੋਈਏ ਨੂੰ।
[1]ਪਹਿਰ ਰਾਤ ਗਈ ਤਕ।

ਦੇਸ਼ਨਿ ਦੇਸ਼ ਸੁਨਤਿ ਸੁਧ ਜਯੋਂ ਜਯੋਂ।
ਚਲੇ ਆਇਂ ਸਿੱਖਨਿ ਗਨ ਤਯੋਂ ਤਯੋਂ ॥ ੩੦ ॥
ਜੋ ਮਸੰਦ ਜਿਸ ਜੋਗ ਬਡਾਈ।
ਸਿਰੋਪਾਉ ਦੇ ਕਰਤਿ ਬਿਦਾਈ।
ਤਿਮ ਸਿੱਖਨ ਕੋ ਦੇਤਿ ਹਕਾਰਤਿ[1]।
ਕਰਿ ਕਰਿ ਬੰਦਨ ਸਦਨ ਸਿਧਾਰਤਿ ॥ ੩੧ ॥

[1]ਬੁਲਾ ਕੇ।

ਨਿਤ ਅਨੇਕ ਆਵਤਿ ਗਨ ਜਾਤਿ।
ਸਭਿ ਦੇਸ਼ਨਿ ਮਹਿਂ ਭੇ ਬੱਖਜਾਤ।
'ਦਸਮੋ ਪਾਤਿਸ਼ਾਹ ਗੁਰ ਹੋਯੋ।
ਪਿਤ ਸਿਰ ਦੇ ਤੁਰਕਨ ਘਰ ਖੋਯੋ' ॥ ੩੨ ॥
ਸਾਗਰਾਂਤ ਲਗਿ[1] ਅਵਨੀ ਸਾਰੀ।
ਪੁਰਿ ਗ੍ਰਾਮਨਿ ਜਹਿਂ ਸਿੱਖੀ ਧਾਰੀ।
ਸੁਨਿ ਸਭਿ ਕੋ ਚਿਤ ਚੌਂਪ ਉਮੰਗੀ[1]।
ਬ੍ਰਿੰਦਨ ਬ੍ਰਿੰਦ[1] ਆਇਂ ਸਤਿਸੰਗੀ ॥ ੩੩ ॥

[1]ਸਮੁੰਦਰੋਂ ਪਰੇ ਤੀਕ।

[1]ਚਾਉ ਚੜ੍ਹਿਆ।

[1]ਸਮੂਹ ਦੇ ਸਮੂਹ। ਭੀੜਾਂ ਦੀਆਂ ਭੀੜਾਂ।

ਇਕ ਆਵਤਿ ਮਿਲਿਤੇ ਇਕ ਜਾਤੇ।
ਚਿਤ ਪ੍ਰਸੰਨ ਬੂਝਤਿ ਗੁਰ ਬਾਤੇਂ।
ਭਨਤਿ ਸੁਜਸੁ ਇਕ ਸੁਨਤਿ ਅਨੰਦਤਿ।
ਸਿਮਰਿ ਸਿਮਰਿ ਪਗ ਪੰਕਜ ਬੰਦਤਿ ॥ ੩੪ ॥
'ਧੀਰਜ ਧਰਨੀ ਕੇ ਸਮ ਧਰਨੀ[1]।
ਅਜ਼ਮਤ ਸਿੰਧੁ ਅਜਰਨੀ ਜਰਨੀ[1]।
ਅਸ ਕਰਨੀ ਕਰਨੀ ਕਿਸ ਔਰ[1]।
ਬਿਨ ਗੁਰ ਨਵ ਸੋਢੀ ਸਿਰਮੌਰ[1] ॥ ੩੫ ॥

[1]ਧਾਰਨ ਵਾਲੇ।

[1]ਨਾ ਜਰਨ ਵਾਲੀ ਦੇ ਜਰਨ ਵਾਲੇ (ਸ਼੍ਰੀ ਗੁਰੂ ਤੇਗ ਬਹਾਦਰ ਜੀ)।

[1]ਐਸੀ ਕਰਨੀ ਹੋਰ ਕਿਸਨੇ ਕਰਨੀ ਹੈ।

[1]ਸੋਢੀ ਸਿਰਮੌਰ ਨਾਵੇਂ ਗੁਰੂ ਜੀ ਤੋਂ ਛੁੱਟ।

ਤੇਜ ਪੁੰਜ ਨੰਦਨ ਜਿਨ ਕੇਰੋ।
ਅਲਪ ਬੈਸ ਮਹਿਂ ਦਿਪਤਿ ਬਡੇਰੋ।
ਗੁਰ ਕੀ ਗਤਿ ਕੁਛ ਲਖੀ ਨ ਜਾਵੈ।
ਦੇਖਿ ਜਗਤ ਸਗਰੋ ਬਿਸਮਾਵੈ' ॥ ੩੬ ॥
ਇੱਤਜਾਦਿਕ ਸਭਿ ਸੰਗਤ ਮਾਂਹੀ।

ਹੋਤਿ ਬਾਰਤਾਲਾਪ ਮਹਾਂ ਹੀ।
ਚਲੀ ਆਇ ਚਹੁੰਦਿਸ਼ਿ ਤੇ ਸੰਗਤਿ।
ਆਨਿ ਅਨੰਦਪੁਰਿ ਉਤਰਹਿ ਪੰਗਤਿ ॥੩੭॥
ਬਡੀ ਭੀਰ ਜਬਿਹੂੰ ਹੁਇ ਜਾਇ।
ਸਿੱਖ ਸਕੇਲਨਿ ਹੁਇੰ ਸਮੁਦਾਇ।
ਸੇਵਕ ਕਰਹਿਂ ਜਨਾਵਨਿ ਫੇਰ।
'ਭਈ ਦਰਸ ਹਿਤ ਭੀਰ ਬਡੇਰ' ॥੩੮॥
ਬਸਤ੍ਰ ਸ਼ਸਤ੍ਰ ਨਿਜ ਅੰਗ ਸਜਾਵਹਿਂ।
ਖੜਗ ਧਨੁਖ ਸਰ[1] ਧਰਿ ਕਰਿ ਆਵੈਂ। [1]ਧਨੁਖ ਬਾਣ।
ਵਹਿਰ ਸਿੰਘਾਸਨਿ ਪਰ ਥਿਰ ਹੋਇੰ।
ਜਹਿਂ ਦਰਸਹਿ ਸੰਗਤਿ ਸਭਿ ਕੋਇ ॥੩੯॥
ਕਰਹਿ ਮੇਵੜਾ ਸਭਿ ਮਹਿਂ ਫੇਰਾ।
ਸਿੱਖ ਬਿਦੇਸ਼ਨਿ ਕੋ ਜਹਿਂ ਡੇਰਾ।
'ਸਤਿਗੁਰ ਆਨਿ ਸਿੰਘਾਸਨ ਰਾਜੇ।
ਜਿਨ ਕੇ ਦਰਸ ਬਿਘਨ ਅਘ ਭਾਜੇ ॥੪੦॥
ਅਭਿਲਾਖਤਿ ਸਭਿ ਚਲਿ ਕਰਿ ਆਵਹੁ।
ਮਾਨਸ ਜਨਮ ਲਾਭ ਕਹੁ ਪਾਵਹੁ।
ਰਿਦੇ ਕਾਮਨਾ ਜੇ ਕਿਮ ਧਰੋ।
ਭਨਹੁ ਬੇਨਤੀ ਪੂਰਨ ਕਰੋਂ' ॥੪੧॥
ਇਮ ਸੁਧਿ ਸਭਿ ਕੋ ਦੇਤਿ ਸੁਨਾਇ।
ਅਨੁਰਾਗੀ ਸੁਨਿ ਹੁਇੰ ਚਿਤ ਚਾਇ।
ਨੀਕੀ ਵਸਤੁ ਆਦਿ ਜੇ ਦਰਬਾ।
ਲੈ ਲੈ ਪਹੁੰਚਹਿਂ ਗੁਰ ਢਿਗ ਸਰਬਾ ॥੪੨॥
ਅਰਪਿ ਅਰਪਿ ਕਰਿ ਕਰਹਿਂ ਪ੍ਰਨਾਮ।
ਪਗ ਪੰਕਜ ਗੁਰ ਕੇ ਅਭਿਰਾਮ।
ਸੁੰਦਰ ਬਦਨ ਇੰਦ ਮਾਨਿੰਦ[1]। [1]ਚੰਦ੍ਰਮਾਂ ਵਰਗਾ।
ਬਿਕਸਜੋ ਕਿਧੌਂ ਭੋਰ ਅਰਬਿੰਦ[1] ॥੪੩॥ [1]ਸਵੇਰ ਦਾ ਕਮਲ ਫੁੱਲ।
ਕਰਿ ਦਰਸ਼ਨ ਕੋ ਲਹਤਿ ਅਨੰਦ।

ਖਰੇ ਰਹੈਂ ਕੋ ਜੁਗ ਕਰ ਬੰਦਿ।
ਕੇਤਿਕ ਆਇਸੁ ਪਾਇ ਮੁਕੰਦ।
ਬੈਠਹਿਂ ਨਿਕਟਿ ਮਸੰਦ ਬਿਲੰਦ ॥੪੪॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸੰਗਤਿ ਆਵਨਿ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

੭. [ਦਿੱਲੀ ਵਾਲੇ ਸਿੱਖਾਂ ਨਾਲ ਬਚਨ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:
ਸੰਗਤਿ ਬ੍ਰਿੰਦ ਬਿਲੋਕਤੀ, ਚਹੁੰ ਦਿਸਿ ਤੇ ਬਹੁ ਆਇ।
ਬਨਜਾਰੇ ਕੇ ਸਹਿਤ ਹੀ, ਦਿੱਲੀ ਤੇ ਸਿਖ ਆਇ ॥੧॥
ਚੌਪਈ:
ਅਰਪਿ ਅਕੋਰ ਭਯੋ ਤਬਿ ਠਾਢੋ।
ਗੁਰ ਸਰੂਪ ਪਿਖਿ ਆਨੰਦ ਬਾਢੋ।
ਸ਼੍ਰੀ ਮੁਖ ਤੇ ਸ਼ੁਭ ਬਾਕ ਉਚਾਰੇ।
'ਕਹੁ ਗੁਰ ਪਜਾਰੇ ਸਿਖ ਬਨਜਾਰੇ ॥੨॥
ਕਿਸ ਪ੍ਰਕਾਰ ਸਤਿਗੁਰ ਸਸਕਾਰੇ।
ਕਿਹ ਸਥਾਨ ਮਹਿਂ ਰਾਖ ਸੁਧਾਰੇ[1]?'
ਸੁਨਿ ਬਿਸਮਜੋ -ਮੁਝ ਬਿਨਾ ਬਤਾਏ।
ਜਾਨਿ ਲੀਨਿ ਕਾਰਜ ਕਰਿ ਆਏ- ॥੩॥
ਬੋਲਜੋ ਬਿਨੈ ਸਹਿਤ ਹਰਖਾਨਾ।
'ਜਥਾ ਭਯੋ ਰਾਵਰ ਸਭਿ ਜਾਨਾ।
ਤਊ ਸਭਿਨਿ ਕੇ ਹੇਤੁ ਸੁਨਾਵਨਿ।
ਬੂਝਹੁ ਮੋਹਿ ਕਥਾ ਗੁਰ ਪਾਵਨ ॥੪॥
ਅਧਮ ਨੁਰੰਗੇ ਕਾਰਨ ਕੀਨਾ।
ਪੁਨ ਡਿੰਡਮ ਪੁਰਿ ਫੇਰ ਸੁ ਦੀਨਾ।
-ਇਨ ਕੋ ਸਿਖ ਸਾਦਕ ਨਰ ਜੋਇ[1]।
ਧਰ ਕੋ ਲੇ ਸਸਕਾਰਹਿ ਸੋਇ- ॥੫॥
ਸੁਨਜੋ ਸਭਿਨਿ ਕਰਿ ਤ੍ਰਾਸ ਬਿਸਾਲਾ।
ਕੋਇ ਨ ਬੋਲਿ ਸਕਜੋ ਤਿਸ ਕਾਲਾ।
-ਹਮ ਹੈਂ ਸਿੱਖ- ਨ ਕਿਨਹੁ ਬਤਾਵਾ।
ਦਬਕ ਰਹੇ ਨਿਜ ਨਿਜ ਘਰ ਥਾਵਾ ॥੬॥
ਡਰਤਿ ਰਿਦੇ -ਕੋ ਦੇ ਨ ਬਤਾਇ।
ਸ਼ਾਹ ਬੰਧਿ[1] ਹਮ ਦੇ ਮਰਿਵਾਇ-।
ਦੁਰਿ ਦੁਰਿ ਗਏ[1] ਆਪਨੇ ਘਰ ਮਹਿਂ।
ਨਹਿਂ ਮਾਨੀ ਸਿੱਖੀ ਕਿਸ ਪੁਰਿ ਮਹਿਂ' ॥੭॥
ਸ਼੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ।

[1]ਭਸਮ ਕਿੱਥੇ ਸੰਭਾਲੀ ਹੈ।
[1]ਸਿਦਕ ਰੱਖਣ ਵਾਲਾ।
[1]ਬੰਨ੍ਹ ਕੇ।
[1]ਛੁਪ ਛੁਪ ਗਏ।

ਗਰਜਤਿ ਬੋਲੇ ਜਲਧਰ ਜੈਸੇ[1]। [1]ਬਦਲ ਵਾਂਗ (ਗੱਜ ਕੇ)।
'ਇਸ ਬਿਧਿ ਕੋ ਅਬਿ ਪੰਥ ਬਨਾਵੌਂ।
ਸਕਲ ਜਗਤ ਮਹਿਂ ਬਹੁ ਬਿਦਤਾਵੌਂ ॥ ੮ ॥
ਲਾਖਹੁਂ ਜਗ ਕੇ ਨਰ ਇਕ ਥਾਇਂ।
ਤਿਨ ਮਹਿਂ ਮਿਲੇ ਏਕ ਸਿਖ ਜਾਇ।
ਸਭਿ ਮਹਿਂ ਪ੍ਰਥਕ[1] ਪਛਾਨਜੋਂ ਪਰੈ। [1]ਵੱਖਰਾ।
ਰਲੈ ਨ ਕਜੋਂਹੂੰ ਕੈ ਸਿਹੁਂ ਕਰੈ ॥ ੯ ॥
ਜਥਾ ਬਕਨ[1] ਮਹਿਂ ਹੰਸ ਨ ਛਪੈ। [1]ਬਗਲਿਆਂ।
ਗ੍ਰਿੱਝਨਿ[†] ਬਿਖੈ ਮੋਰ ਜਿਮ ਦਿਪੈ। [†]ਪਾ:-ਗਿਰਯਨਿ।
ਜਜੋਂ ਖਰ ਗਨ[1] ਮਹਿਂ ਬਲੀ ਤੁਰੰਗ। [1]ਬਹੁਤ ਖੋਤਿਆਂ।
ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ ॥ ੧੦ ॥
ਤਿਮ ਨਾਨਾ ਭੇਖਨ ਕੇ ਮਾਂਹਿ।
ਮਮ ਸਿਖ ਕੋ ਸਗਲੋ ਪਰਖਾਹਿਂ।'
ਸੁਨਤਿ ਸਭਾ ਸਭਿ ਬਿਸਮੈ ਹੋਈ।
ਬਾਕ ਅਚਾਨਕ ਜਾਨਤਿ ਸੋਈ[1] ॥ ੧੧ ॥ [1]ਸੋ ਅਚਨਚੇਤ ਹੋਇਆ ਵਚਨ ਜਾਣਿਆ।
ਪੁਨ ਬਨਜਾਰਾ ਬੂਝਨਿ ਕਰਜੋ।
'ਤੋ ਤੇ ਕਹਹੁ ਕਾਜ ਕਿਮ ਸਰਜੋ?'
ਕਹਤਿ ਭਯੋ 'ਲੇ ਬ੍ਰਿਖਭ ਘਨੇਰੇ।
ਪਹੁਂਚਜੋ ਜਾਇ ਗੁਰੂ ਧਰ ਨੇਰੇ[1] ॥ ੧੨ ॥ [1]ਧੜ ਦੇ ਪਾਸ।
ਮਹਾਂ ਧੂਰ ਬਾਯੂ ਤੇ ਭਈ।
ਦਸਹੁਂ ਦਿਸ਼ਾ ਨਹਿਂ ਜਾਨੀ ਗਈ।
ਤਬਿ ਉਠਾਇ ਮੈਂ ਸੰਕਟ ਮਝਾਰੇ।
ਧਰਿ ਕਰਿ ਧਰ[1] ਨਿਜ ਬ੍ਰਿਖਭ ਸੰਭਾਰੇ ॥ ੧੩ ॥ [1]ਧੜ।
ਪਾਛੇ ਖੋਜਨਿ ਲਗੇ ਘਨੇਰੇ।
ਨਹਿਂ ਪਾਯੋ ਧਰ ਸਭਿ ਬਿਧਿ ਹੇਰੇ।
ਮੈਂ ਲੇ ਜਾਇ ਭਲੇ ਸਸਕਾਰੇ।
ਬੀਨ ਪੁਸ਼ਪ ਮੈਂ ਭਲੇ ਸੰਭਾਰੇ ॥ ੧੪ ॥
ਤਾਂਬ੍ਰ ਗਾਗਰਾਂ ਦੁਇ ਮਹਿਂ ਪਾਏ।
ਤਿਸੀ ਥਾਨ ਮਹਿਂ ਰਾਖ ਗਡਾਏ।

ਅਬਿ ਮਾਲਿਕ ਤੁਮ ਬਡ ਸਮਰੱਥ।
ਕਰਨ ਕਰਾਵਨਿ ਸਭਿ ਬਿਧਿ ਹੱਥ'
॥੧੫॥
ਸੁਨਿ ਪ੍ਰਸੰਨ ਤਿਸ ਪਰ ਤਬਿ ਹੋਏ।
'ਜਨਮ ਮਰਨ ਬੰਧਨ ਤੁਵ ਖੋਏ।
ਫੂਲਹਿਂ ਫਲਹਿਂ ਜਗਤ ਮਹਿਂ ਭਾਰੀ।
ਹੁਇ ਸੁਖ ਗੁਰ ਕਾਇਆਂ ਸਸਕਾਰੀ
॥੧੬॥
ਪੁਸ਼ਪ ਰਹਨਿ ਦਿਹੁ ਤਿਸ ਹੀ ਥਾਨ।
ਜਬਿ ਹੋਵਹਿ ਮਮ ਪੰਥ ਮਹਾਨ।
ਬਨਹਿ ਦੇਹੁਰਾ ਥਲ ਪਰਖੈ ਹੈ[1]।
ਪੁਨ ਬਜਾਰ[1] ਮਹਿਂ ਥਾਨ ਬਨੈ ਹੈ ॥੧੭॥
ਸਿਰ ਤੁਰਕਨ ਕੇ ਮੇਖ ਲਗਾਵੈਂ[†]।
ਸਿਖ ਸੰਗਤਿ ਸਭਿ ਪੂਜ ਕਰਾਵੈਂ।
ਸਮੋ ਆਇ ਜਬਿ ਦੇਖਹਿਂ ਸਾਰੇ।
ਦਿੱਲੀ ਬਿਖੈ ਬਨਹਿਂ ਗੁਰਦ੍ਵਾਰੇ' ॥੧੮॥
ਪੁਨਹਿ ਸਿੱਖ ਸਭਿ ਲਗੇ ਸੁਨਾਵਨਿ।
'ਅਬਿ ਹੀ ਭਾ ਪ੍ਰਤਾਪ ਗੁਰ ਪਾਵਨ।
ਜਬਿ ਕੋ ਕਾਰਨ ਕੀਨੋ ਸ਼ਾਹੂ।
ਤਬਿ ਕੋ ਭਯੋ ਹੌਲ ਉਰ ਮਾਂਹੂ ॥੧੯॥
ਏਕ ਨਿਸਾ ਮਹਿਂ ਸੋਯੋ ਘਰ ਮੈਂ।
ਬਹੁਰ ਨ ਬਰਜੋ ਬਿਸਾਲ ਤਿਮਰ ਮੈਂ[1]।
ਵਹਿਰ ਬਾਗ ਮੈਂ ਮੰਦਰ ਕੋਇ।
ਰਾਤਿ ਪਰੈ ਤਹਿਂ ਪਰਿ ਕੈ ਸੋਇ ॥੨੦॥
ਏਕ ਥਾਨ ਨਿਸ ਦੁਤਿਯ ਨ ਸੋਵੈ[1]।
ਥਲ ਨਵੀਨ ਬਸਿਬੇ ਹਿਤ ਜੋਵੈ।
ਦਿਨਪ੍ਰਤਿ ਉਦੇ[1] ਦੁਰਗ ਮਹਿਂ ਬਰੈ।
ਰਾਜ ਸਾਜ ਕੋ ਕਾਰਜ ਕਰੈ ॥੨੧॥
ਪਰੈ ਜਾਮਨੀ ਨਿਕਸਿ ਸਿਧਾਰੈ।
ਸੁਪਤੈ ਆਨ ਥਾਨ ਡਰ ਧਾਰੈ।
ਜਾਨੀ ਪਰੈ ਚਢੈ ਕਿਤ ਦੇਸ਼।

[1]ਪਰਖ ਕੇ ਦੇਹੁਰਾ ਬਨਾਉਣਗੇ।
[1]ਫਿਰ (= ਦੂਸਰਾ ਥਾਂ) ਬਜ਼ਾਰ (= ਚਾਂਦਨੀ ਚੌਂਕ)।
[†]ਯਾਨੇ ਕੁਤਵਾਲੀ ਵਿਚੋਂ ਥਾਂ ਲੈ ਕੇ ਕਿ ਜਿੱਥੇ ਮਾਕਾ ਵਰਤਿਆ ਹੈ, ਗੁਰਦੁਆਰਾ ਬਨਾਕੇ ਤੁਰਕਾਂ ਦੇ ਸਿਰ ਤੇ ਮਾਨੋਂ ਮੇਖ ਗੱਡਣਗੇ।
[1]ਵਡੀ ਅੰਧੇਰੀ ਰਾਤ ਵਿੱਚ।
[1]ਇਕ ਥਾਂ ਤੇ ਦੂਸਰੀ ਰਾਤ ਕਦੀ ਨਹੀਂ ਸੌਂ ਸਕਦਾ।
[1]ਸੂਰਜ ਚੜ੍ਹੇ।

ਤਜ਼ਾਰੀ ਧਾਰੈ† ਰਿਦੈ ਹਮੇਸ਼' ॥੨੨॥ — †ਪਾ:-ਭਯ ਗ੍ਰਿਹ ਧਾਰਤਿ।

ਦਿਲਵਾਲੀ[1] ਸਿੱਖਨਿ ਜਬਿ ਕਹਜੋ। — [1]ਦਿੱਲੀ ਵਾਲੇ।

ਤਬਿ ਕ੍ਰਿਪਾਲ[1] ਚਿਤ ਸੰਸੈ ਲਹਜੋ। — [1]ਮਾਮਾ ਕ੍ਰਿਪਾਲ ਜੀ।

ਬੂਝਨਿ ਲਗਜੋ 'ਕਹਹੁ ਸਭਿ ਬਾਤੀ।

ਪਾਤਕੁ ਕਰਮਾ ਕਿਤਹੁੰ ਪ੍ਰਯਾਤੀ[1]? ॥੨੩॥ — [1]ਪਾਪੀ ਕਰਮਾਂ ਵਾਲਾ ਕਿੱਧਰ ਜਾਂਦਾ ਹੈ।

ਪੂਰਬ, ਦੱਖਨ, ਪਸ਼ਚਮ ਓਰ।

ਕਾਜ ਜੰਗ ਕੋ ਭਾ ਕਿਤ ਜੋਰ।

ਜਿਸ ਤੇ ਦੁਸ਼ਟ ਆਪ ਪ੍ਰਸਥਾਨੈ।

ਇਸ ਕੋ ਸਤਿਗੁਰ ਸਭਿ ਕਿਛੁ ਹਾਨੈ[1]' ॥੨੪॥ — [1]ਨਾਸ ਕਰਨਗੇ।

ਤਬਿ ਕਰ ਜੋਰਿ ਕਹੈਂ ਦਿਲ ਵਾਲੀ।

'ਸੁਨਹੁ ਪ੍ਰਸੰਗ ਬਿਸਾਲ ਕੁਚਾਲੀ।

ਸ਼ਾਹਜਹਾਂ ਜਾਨਤਿ ਸ਼ੁਭ ਨੀਤ।

ਬਰਤਤਿ ਰਹਜੋ ਆਪ ਜਿਮ ਨੀਤ[1] ॥੨੫॥ — [1]ਆਪ ਜਿਵੇਂ ਨਿੱਤ ਵਰਤਦਾ ਰਿਹਾ (ਨੀਤੀ ਨੂੰ)।

ਸੋ ਗਹਿ ਲੀਨਿ ਕੈਦ ਕਰਿ ਰਾਖਾ।

ਮਰਨ ਸਮੈਂ ਇਸ ਕੇ ਸੰਗ ਭਾਖਾ।

ਜੇਤਿਕ ਲੇਂ ਅਬਿ ਦਰਬ ਸਿਪਾਹੀ।

ਇਸ ਤੇ ਘਾਟ ਕਰਹੁ ਕਬਿ ਨਾਂਹੀ ॥੨੬॥

ਹਿੰਦੁ ਧਰਮ ਕੋ ਨਹੀਂ ਬਿਗਾਰਹੁ।

ਇਕ ਸਮ ਦੋਨਹੁੰ ਕੋ ਪ੍ਰਤਿਪਾਰਹੁ।

ਤਾਨੇ ਸ਼ਾਹਿ ਜੁ ਦੱਖਨ ਮਾਂਹੀ†।

†ਦੱਖਣ ਵਿਚ ਕੁਛ ਮੁਸਲਮਾਨੀ ਰਜਾਸਤਾਂ ਸਨ, ਜਿਨਾਂ ਵਿਚੋਂ ਇਕ ਦੀ ਰਾਜਧਾਨੀ ਗੋਲਕੰਡਾ ਸੀ। ਇਸਦੇ ਅੰਤਮ ਪਾਤਸ਼ਾਹ ਦਾ ਨਾਮ ਇਹ ਸੀ। ਔਰੰਗਜ਼ੇਬ ਨੇ ਇਸ ਰਾਜ ਦਾ ਦੀਵਾ ਮੇਟਕੇ ੧੬੮੭ ਈ: ਵਿਚ ਤਾਨੇਸ਼ਾਹ ਨੂੰ ਕੈਦ ਕਰ ਲਿਆ ਸੀ, ਜੋ ੧੭੦੪ ਈ: ਵਿਚ ਕੈਦ ਪਿਆ ਹੀ ਮਰ ਗਿਆ। ਇਸ ਦਾ ਅਸਲੀ ਨਾਮ ਅਬੂ ਹੁਸੈਨ ਨੇ ਸੱਤ ਮਹੀਨੇ ਗੋਲਕੰਡੇ ਦੀ ਰੱਖਯਾ ਔਰੰਗਜ਼ੇਬ ਤੋਂ ਬੜੀ ਬੀਰਤਾ ਨਾਲ ਕੀਤੀ ਸੀ। ਤਾਨੇ ਸ਼ਾਹ ਦੀ ਯਾਦ ਉਸ ਦੇ ਚੰਗੇ ਹੋਣ ਕਰਕੇ ਉਸ ਦੀ ਪ੍ਰਜਾ ਵਿਚ ਬੜੇ ਪਿਆਰ ਨਾਲ ਕਾਯਮ ਰਹੀ ਤੇ ਹੁਣ ਤਕ ਜੀਉਂਦੀ ਹੈ।

ਕਬਿ ਮੁਹਿੰਮ[1] ਤਿਸ ਪਰ ਕਰਿ ਨਾਹੀਂ- ॥੨੭॥ — [1]ਚੜ੍ਹਾਈ।

ਇੱਤਯਾਦਿਕ ਕੁਛ ਔਰ[1] ਬਤਾਈ। — [1]ਕੁਛ ਹੋਰ (ਸਿੱਖਯਾ)।

ਕਿਸ ਹਿਤ ਲਿਖੌਂ ਪ੍ਰਸੰਗ ਬਧਾਈ[1]। — [1]ਕਾਹਦੇ ਵਾਸਤੇ ਲਿਖਾਂ, ਪ੍ਰਸੰਗ ਵਧਦਾ ਹੈ।

ਸੁਨਿ ਕਰਿ ਪਦਰ ਬਾਕ ਖੁਨਸਾਯੋ[1]।
ਬੂਝਯੋ -ਕਹਾਂ ਦੋਸ਼ ਲਖਿ ਪਾਯੋ? ॥੨੮॥
ਜੋ ਬਰਜੀ[1] ਤੈਸੇ ਸਭਿ ਕਰਿਹੌਂ।
ਜਗ ਕੋ ਨਿਜ ਮਰਜੀ ਅਨੁਸਰਹੌਂ[1]-।
ਸੁਨਿ ਤਬਿ ਸ਼ਾਹ ਜਹਾਂ ਸਮੁਝਾਈ[†]।
-ਜੇ ਤੂੰ ਕਰਹਿਂ ਬਿਗਰ ਅਸ ਜਾਈ ॥੨੯॥
ਨੌਕਰਾਨ ਜੇ ਧਨ ਦੇਂ ਥੋਰਾ।
ਥੁਰ ਜੈ ਹੈਂ ਜਿਨ ਲਾਭ ਨ ਔਰਾ।
ਤਿਨ ਕੇ ਪੁੱਤ੍ਰ ਇਲਮ ਬਿਨ ਰਹੈਂ।
ਖੈਬੇ ਹੇਤੁ ਜੀਵਕਾ ਚਹੈਂ ॥੩੦॥
ਲਘੁ ਬਯ[1] ਕਾਜ ਕਰਨਿ ਲਗਿ ਪਰੈਂ।
ਬਿਨ ਧਨ ਇਲਮ ਕਹਹੁ ਕਿਮ ਧਰੈਂ।
ਮੂਰਖ ਰਹੈਂ ਦੋਸ਼ ਇਹ ਭਾਰੋ।
ਯਾਂ ਤੇ ਘਾਟ ਕਰਨਿ ਨਹਿਂ ਧਾਰੋ ॥੩੧॥
ਹਮ ਅਬਿ ਅਪਨੇ ਰਾਜ ਮਝਾਰੀ।
ਦੇਂ ਹਿੰਦੁਨ ਕੋ ਧਰਮ ਬਿਗਾਰੀ।
ਸਮੈਂ ਪਾਇ ਹੁਇਂ ਹਿੰਦੂ ਰਾਜੇ।
ਕਰਹਿਂ ਸੁ ਤੁਰਕਨਿ ਸੰਗ ਕੁਕਾਜੇ ॥੩੨॥
ਤਾਂਨੇ ਸ਼ਾਹਿ ਬਨਯੋ ਜੇ ਰਹੈ[1][†]।
ਸ਼ਾਹਨਸ਼ਾਹ ਹਮਹਿਂ ਸਭਿ ਕਹੈਂ।
ਇਕ ਗੁਨ ਇਹ, ਦੂਸਰ ਸੁਨਿ ਕਾਨ।
ਜੋ ਦੱਖਣ ਕੋ ਦੇਸ਼ ਮਹਾਨ ॥੩੩॥
ਤਿਤ ਹੀ ਰੋਕ ਰਖਹਿ ਦਲ ਸਾਰੇ[1]।
ਹਮ ਸੋਂ ਪਰਹਿਂ ਨ ਜੰਗ ਅਖਾਰੇ।
-ਇੱਤਜਾਦਿਕ ਜੇ ਨੀਤਿ ਬਤਾਈ।
ਕਹੇ ਦੋਸ਼ ਗੁਨ ਤਿਨ ਸਮੁਦਾਈ ॥੩੪॥
ਤਊ ਨ ਮੂਰਖ ਨੇ ਮਨ ਮਾਨੇ।
ਪਦਰ ਕਹੇ ਉਲਟੇ ਸਭਿ ਠਾਨੇ।
ਹੁਤੇ ਰਜਤਪਣ ਸੌ ਦਰਮਾਹਾਂ[1]।

[1]ਪਿਤਾ ਦੀ ਗਲ ਸੁਣਕੇ ਖੁਣਸਿਆ।
[1]ਜਿਸ ਤੋਂ ਵਰਜਿਆ ਹੈ।
[1]ਦੇ ਅਨੁਸਾਰ ਕਰਾਂਗਾ।
[†]ਪਾ:-ਸਮੁਦਾਈ।
[1]ਛੋਟੀ ਉਮਰ ਤੋਂ।
[1]ਤਾਨੇ ਸ਼ਾਹ ਜੇ (ਰਾਜਾ) ਬਣਿਆ ਰਹੇਗਾ। [†]ਪਾ:-ਕਰਯੋ ਖੁਦਾਇ ਤਿਸੀ ਬਿਧਿ ਰਹੇ।
[1]ਤਾਨੇ ਸ਼ਾਹ) ਰੋਕ ਰੱਖੇਗਾ (ਆਪਣੇ ਸਾਰੇ ਦਲ ਨੂੰ)
[1]ਮਾਹਵਾਰ ਤਨਖਾਹ ਸੀ (ਜਿਨ੍ਹਾਂ ਦੀ ਉਨ੍ਹਾਂ ਨੂੰ)।

ਤਬਿ ਤੇ ਸਾਠ ਦੇਨਿ ਲਗ ਤਾਹਾਂ ॥੩੫॥
ਹਿੰਦੁ ਧਰਮ ਬਹੁ ਨਰਨਿ ਬਿਗਾਰਾ।
ਮਹਾਂ ਮੂੜ੍ਹ ਨੇ ਕੁਛ ਨ ਬਿਚਾਰਾ।
ਸਤਿਗੁਰ ਕਾਰਨ ਤੇ ਪਸ਼ਚਾਤੀ[1]। [1]ਸਾਕੇ ਰੂਪ) ਕਾਰਨ ਤੋਂ ਪਿੱਛੋਂ।
ਪੁਰਿ ਮਹਿਂ ਨਹਿਂ ਸੁਪਤਜੋ ਕਿਸ ਰਾਤੀ ॥੩੬॥
ਏਕ ਪੀਰ ਇਕ ਦਿਨ ਚਲਿ ਆਯੋ।
ਉਤਰਜੋ ਵਹਿਰ ਤਾਂਹਿ ਸੁਨਿ ਪਾਯੋ।
ਮਿਲਨੇ ਹੇਤੁ ਨੁਰੰਗਾ ਗਯੋ।
ਇਕ ਰਕੇਬ[1] ਮੁਹਰਨਿ ਭਰਿ ਲਯੋ ॥੩੭॥ [1]ਥਾਲੀ।
ਦੁਤੀਏ ਬਿਖੈ ਜਵਾਹਰ ਪਾਇ।
ਪੀਰ ਅਗਾਰੀ ਧਰੇ ਬਨਾਇ।
ਕਰਿ ਸਲਾਮ ਬੈਠਜੋ ਤਿਸ ਪਾਸ।
ਕਰਜੋ ਬਤਾਵਨਿ ਅਪਨੋ ਤ੍ਰਾਸ ॥੩੮॥
-ਨਿਸ ਮਹਿਂ ਅੰਤਰ ਜਾਇ ਨ ਸੋਯੋ।
ਤੁਮ ਬਿਨ ਅਪਰ ਨ ਪਾਸ ਬੁਗੋਯੋ[1]। [1]ਤੈਥੋਂ ਬਿਨਾਂ ਹੋਰ ਕਿਸੇ ਕੋਲ ਨਹੀਂ ਕਹਿਆ।
ਇਸ ਕੋ ਹੁਇ ਉਪਚਾਰ[1] ਕਿ ਨਾਂਹਿ? [1]ਇਲਾਜ।
ਜਿਸ ਤੇ ਬਸਨ[1] ਬਨਹਿ ਪੁਰਿ ਮਾਂਹਿ ॥੩੯॥ [1]ਵੱਸਣਾ।
ਤੁਮ ਤੇ ਸਜਾਨੋ ਅਪਰ ਨ ਕੋਇ।
ਜਥਾ ਜੋਗ ਭਾਖਹੁ ਜਿਮ ਹੋਇ-।
ਸੁਨਤਿ ਪੀਰ ਨੇ ਭਲੇ ਬਿਚਾਰਾ।
ਨੇਤ੍ਰ ਮੂੰਦਿ ਕੌਤਕ ਪਿਖਿ ਸਾਰਾ ॥੪੦॥
ਮਤੀ ਦਾਸ ਜਿਨ ਬਿਘਨ ਪਸਾਰਾ।
ਪੁਨ ਨਿਜ ਅਜ਼ਮਤਿ ਓਜ ਨਿਹਾਰਾ।
ਸੰਗ ਨੁਰੰਗੇ ਸਕਲ ਬਤਾਈ।
-ਇਸ ਕੋ ਅਬਿ ਕਿਛ ਹ੍ਵੈ ਨ ਉਪਾਈ ॥੪੧॥
ਤੋਹਿ ਭਲੇ ਹਿਤ ਰਹਜੋ ਬਿਚਾਰ[1]। [1]ਸੋਚ ਰਿਹਾ ਹਾਂ।
ਹੋਤਿ ਨ ਕਿਸ ਪ੍ਰਕਾਰ ਉਪਚਾਰ।
ਬਡ ਅਪਰਾਧ ਕਮਾਵਨ ਕੀਨਿ।

ਜਿਸ ਤੇ ਪੁਰੀ ਬਸਨ ਤੇ ਹੀਨ[1] ॥੪੨॥
ਇਹ ਠਾਂ ਰਹੇ ਨ ਤੁਵ ਰਹਿ ਆਵੈ।
ਸੁਪਤੈਂ ਵਹਿਰ ਸਰਬ ਲਖਿ ਪਾਵੈਂ।
ਪੁਰਿ ਮਹਿਂ ਨਿਸਾ ਬਸਨ ਹੁਇ ਨਾਂਹੀ।
ਹਜੋ[1] ਕਰਹਿਂ ਸਭਿ ਆਪਸ ਮਾਂਹੀ ॥੪੩॥
ਯਾਂ ਤੇ ਕਰਿ ਮੁਹਿੰਮ ਕਿਤ ਓਰ।
ਲੇ ਗਮਨਹੁ ਲਸ਼ਕਰ ਕੋ ਜ਼ੋਰ।
ਸੰਮਤ ਕਿਤਿਕ ਬੀਤ ਤਹਿਂ ਜੈਹੈ।
ਬਾਤ ਪੁਰਾਤਨ[1] ਤਬਿ ਪਰਿ ਜੈਹੈ- ॥੪੪॥
ਸੁਨਤਿ ਪੀਰ ਤੇ ਭਯੋ ਨਿਰਾਸ।
-ਮਿਟਿ ਗਈ ਪੁਰੀ ਬਾਸ ਕੀ ਆਸ।
ਹਤੌਂ ਜਾਇ ਅਬਿ ਤਾਨੇ ਸ਼ਾਹ।
ਤਿਤ ਹੀ ਬਯ[1] ਕੋ ਕਰੌਂ ਨਿਬਾਹਿ- ॥੪੫॥
ਇਮ ਨਿਸ਼ਚੈ ਕਰਿ ਸਭਿ ਬਿਧਿ ਤਜਾਰੀ।
ਕਰੀ ਹਕਾਰਨਿ ਸੈਨਾ ਸਾਰੀ।
ਤੋਪ ਰਹਿਕਲੇ ਆਦਿ ਘਨੇਰੇ।
ਲੇ ਕਰਿ ਚਢਿ ਚਾਲਜੋ ਤਿਸ ਬੇਰੇ' ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦਿੱਲੀ ਵਾਲੀਨ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

[1]ਜਿਸ ਕਰਕੇ (ਤੂੰ) ਦਿੱਲੀ ਰਹਿਣੋਂ ਰਹਿ ਚੁਕਾ ਹੈਂ।
[1]ਨਿੰਦਾ।
[1]ਪੁਰਾਣੀ।
[1]ਆਯੂ।

੮. [ਤਾਨੇਸ਼ਾਹ ਦੇ ਨਾਲ ਵੈਰ ਦਾ ਪ੍ਰਸੰਗ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:
ਸੁਨਤਿ ਕ੍ਰਿਪਾਲੁ[1] ਕ੍ਰਿਪਾਲ ਜੁਤਿ[2], ਦਿਲਿ ਵਾਲਿਨ ਕੀ ਗਾਥ।
[1]ਭਾਵ ਗੁਰੂ ਜੀ ਨੇ। [2]ਮਾਮਾ ਕ੍ਰਿਪਾਲ ਜੀ ਸਣੇ।
ਮੂਢ ਨੁਰੰਗ ਪ੍ਰਸੰਗ ਕੋ, ਪੁਨ ਬੂਝਯੋ ਤਿਨ ਸਾਥ ॥੧॥
ਚੌਪਈ:
'ਤਾਨੇ ਸ਼ਾਹੁ ਜੁ ਦੱਖਣ ਕੇਰਾ।
ਕਯੋਂ ਕਰਿ ਭਯੋ ਤਾਂਹਿ ਸੰਗ ਬੈਰਾ?
ਕਿਸ ਕਾਰਨ ਤੇ ਕੀਨਿ ਚਢਾਈ?
ਤਿਹ ਪ੍ਰਸੰਗ ਪੁਨ ਦੇਹੁ ਸੁਨਾਈ' ॥੨॥
ਬੰਦਿ ਹਾਥ ਬੋਲੇ ਦਿਲਵਾਲੀ।
'ਸੁਨਹੁ ਪ੍ਰਭੁ ! ਤੁਰਕੇਸ਼ ਕੁਚਾਲੀ।
ਮਹਾਂ ਬਿਕੀਮਤ ਏਕ ਜਵਾਹਰ।
ਤਾਨੇਸ਼ਾਹ ਨਿਕਟ ਦੁਤਿ ਜ਼ਾਹਰ ॥੩॥
ਛਾਪ ਆਪਨੀ ਮਹਿਂ ਸੋ ਰਾਖਤਿ।
ਤਿਸ ਲੈਬੇ ਹਿਤ ਇਹ ਅਭਿਲਾਖਤਿ।
ਏਕ ਜੌਹਰੀ ਖੋਜਯੋ ਐਸੋ।
ਪਰਖਨ ਮਹਿਂ ਕੋ ਨਹਿਂ ਤਿਸ ਜੈਸੋ ॥੪॥
ਕਰਤਿ ਪਾਰਖਾ[1] ਬ੍ਰਿੰਦ ਜਵਾਹਰ। [1]ਪ੍ਰੀਖਯਾ।
ਜਾਨਤਿ ਸਭਿ ਕੀ ਕੀਮਤਿ ਜ਼ਾਹਰ।
ਤਿਹ ਸੋਂ ਕਹਯੋ -ਬਨਹੁ ਬਾਪਾਰੀ।
ਗਮਨਹੁ ਦੱਖਣ ਕੀਜਹਿ ਤਜਾਰੀ ॥੫॥
ਮੁਲਾਕਾਤ ਕਰਿ ਤਾਨੇ ਸ਼ਾਹੂ।
ਪਿਖਹੁ ਜਵਾਹਰ ਤਿਸ ਕਰ[1] ਮਾਂਹੂ। [1]ਹੱਥ।
ਪਰਖਹੁ ਕੇਤਿਕ ਕੀਮਤ ਕੇਰੋ।
ਨਿਜ ਬੁੱਧੀ ਕਰਿ ਨੀਕੇ ਹੇਰੋ- ॥੬॥
ਚਲਯੋ ਜੌਹਰੀ ਆਇਸੁ ਮਾਨੀ।
ਅਧਿਕ ਦਰਬ ਲੇ ਤਜਾਰੀ ਠਾਨੀ।
ਸਗਰੋ ਮਾਰਗ ਉਲੰਘਯੋ ਜਾਇ।
ਪਹੁੰਚਿ ਹੈਦਰਾਬਾਦ† ਸੁ ਥਾਇ ॥੭॥

†ਇਹ ਸ਼ਹਿਰ ਗੋਲਕੰਡਾ ਰਿਆਸਤ ਦੀ ਰਾਜਧਾਨੀ ਸੀ ਜੋ ੧੫੮੯ ਨੂੰ ਕੁਤਬਸ਼ਾਹ ਮੁਹੰਮਦ ਕੁਲੀ ਨੇ ਵਸਾਇਆ ਸੀ। ਪਹਿਲਾਂ ਇਸਦਾ ਨਾਮ ਉਸ ਨੇ ਭਾਗ ਨਗਰ ਰਖਿਆ ਸੀ, ਭਾਗ ਮਤੀ ਉਸ ਦੀ ਇਕ ਇਸਤ੍ਰੀ ਦਾ ਨਾਮ ਸੀ।

ਉਸਦੇ ਮਰਨ ਮਗਰੋਂ ਨਾਮ ਹੈਦਰਾਬਾਦ ਹੋ ਗਿਆ।

ਕੇਤਿਕ ਦਿਨ ਤਹਿਂ ਥਿਰਤਾ ਰਾਖੀ।
ਕਰੇ ਜਤਨ ਮਿਲਿਬੇ ਅਭਿਲਾਖੀ।
ਖਰਚੋ ਧਨੁ ਉਮਰਾਵਨਿ ਦੀਨਿ।
ਮੁਲਾਕਾਤ ਠਹਿਰਾਵਨਿ ਕੀਨਿ ॥੮॥
ਵਸਤੁ ਅਨੂਠੀ ਲੇ ਕਰਿ ਗਯੋ।
ਕਦਮ ਪਚਾਸ ਫਰਕ[1] ਠਹਿਰਯੋ।
ਤਹਾਂ ਖਰੇ ਹੁਇ ਬੰਦਨ ਕਰੀ।
ਮਿਲ੍ਯੋ ਸ਼ਾਹੁ ਸੋਂ ਬਹੁ ਮਤਿ ਧਰੀ[1] ॥੯॥
ਤਾਨੇਸ਼ਾਹ ਉਭਾਰ੍ਯੋ ਹਾਥ।
ਜਿਸ ਮਹਿਂ ਰਤਨ ਮੁੰਦਰੀ ਸਾਥ।
ਸਿਰ ਪਰ ਕਰ ਮੂਛਨ ਪਰ ਫੇਰਾ।
ਤਬਹਿ ਜਵਾਹਰਿ ਤਿਸ ਨੇ ਹੇਰਾ ॥੧੦॥
ਜਾਮਾ ਹੁਤੋ ਜੌਹਰੀ ਗਰੇ।
ਤਿਹ ਪ੍ਰਤਿਬਿੰਬ ਆਨਿ ਤਹਿਂ ਪਰੇ।
ਪਿਖਿ ਪ੍ਰਕਾਸ਼ ਕੋ ਪਰਖ੍ਯੋ ਨੀਕੋ।
ਮੋਲ ਤੋਲ ਜਾਨ੍ਯੋ ਤਿਸ ਹੀ ਕੋ ॥੧੧॥
-ਸਲਤਨ ਦਿੱਲੀ ਕੀ ਤ੍ਰੈ ਗੁਨੀ।
ਤਊ ਨ ਇਸ ਕੀ ਕੀਮਤ ਪੁਨੀ[1]†।
ਅਹੈ ਅਮੋਲਾ ਹੋਇ ਨਮੋਲ-।
ਦ੍ਵਾਦਸ਼ ਰੰਚਕ ਭਰ ਲਖਿ ਤੋਲ[1] ॥੧੨॥
ਨਿਜ ਬੁਧਿ ਬਲ ਤੇ ਸਭਿ ਕਿਛ ਜਾਨਾ।
ਦੇਖਿ ਜੌਹਰੀ ਬਹੁ ਬਿਸਮਾਨਾ।
-ਇਸ ਸਮ ਅਵਰ ਨ ਕੋਇ ਜਵਾਹਰ†।
ਅਹੈ ਏਕ ਜੋਤੀ ਜਿਸ ਜ਼ਾਹਰ- ॥੧੩॥
ਪਰਖਨਿ ਪਿਖਿਨਿ ਕਾਜ ਨਿਜ ਕੀਨਿ।
ਜਾਮੇ ਪਰ ਪ੍ਰਕਾਸ਼ ਲਖਿ ਲੀਨਿ।
ਕਦਮ ਪਚਾਸਨ ਤੇ ਸਭਿ ਜਾਨਾ।
ਜਿਤਿਕ ਤੋਲ ਅਰੁ ਮੋਲ ਮਹਾਨਾ ॥੧੪॥
ਕਰਿ ਸਲਾਮ ਕੋ ਬਾਹਿਰ ਆਯੋ।

[1]ਵਿੱਥ ਤੇ।

[1]ਬਹੁਤ ਮਤੀ ਧਾਰਨ ਵਾਲਾ, ਭਾਵ ਸਿਆਣਾ।

[1]ਤਾਂ ਭੀ ਇਸਦੀ ਕੀਮਤ ਨੂੰ ਨਹੀਂ ਪੁੱਜ ਸਕਦੀ। †ਇਹ ਲੋਕਾਂ ਵਿਚ ਅਤਯੋਕਤੀਆਂ ਟੁਰ ਪਿਆ ਕਰਦੀਆਂ ਹਨ, ਮੁਰਾਦ ਕੇਵਲ ਵਡਮੁੱਲੇ ਹੋਣ ਦੀ ਹੁੰਦੀ ਹੈ, ਏਹ ਬਚਨ ਦਿੱਲੀ ਦੇ ਸਿੱਖ ਕਰ ਰਹੇ ਹਨ।

[1]ਬਾਰਾਂ ਹੱਤੀ ਭਰ ਤੋਲ ਜਾਣਿਆ।

†ਪਾ:-ਇਸ ਜੋਟੀ ਕੋ ਨਹੀਂ ਜਵਾਹਰ।

ਗਮਨ ਕਰਨਿ ਕੋ ਪੁਨ ਲਲਚਾਯੋ।
ਚਲ੍ਯੋ ਪੰਥ ਧਰਿ ਤੂਰਨ ਸੋਇ।
ਪਹੁੰਚ੍ਯੋ ਆਇ ਬਿਲਮ ਬਿਨ ਹੋਇ ॥ ੧੫ ॥
ਮਿਲ੍ਯੋ ਨੁਰੰਗੇ ਸੰਗ ਬਖਾਨਾ।
-ਪਿਖ੍ਯੋ ਜਵਾਹਰ ਪਰਖਨਿ ਠਾਨਾ।
ਤਿਗੁਨੀ ਸਲਤਨ ਇਸ ਤੇ ਹੋਇ।
ਜਾਨਹੁ ਕੀਮਤਿ ਤਿਸ ਕੀ ਸੋਇ ॥ ੧੬ ॥
ਕਦਮ ਪਚਾਸਨ ਖਰੇ ਨਿਹਾਰਾ।
ਤਿਹ ਪ੍ਰਕਾਸ਼ ਮਮ ਜਾਮੇ ਡਾਰਾ।
ਦ੍ਵਾਦਸ਼ ਰੰਚਕ[1] ਤੋਲ ਤਿਸੀ ਕੋ।
ਨਿਰਨੈ ਕਰਹੁ, ਪਾਇ ਜਬਿ ਨੀਕੋ[1]- ॥ ੧੭ ॥
ਸੁਨਿ ਨੁਰੰਗ ਲੈਬੇ ਲਲਚਾਵਤਿ।
ਬਿਨਾ ਓਜ ਤੇ ਸੋ ਕਿਮ ਪਾਵਤਿ।
ਚਾਹਤਿ ਰਹ੍ਯੋ ਬਿਤ੍ਯੋ ਚਿਰਕਾਲਾ।
ਅਬਿ ਦਿੱਲੀ ਤੇ ਭਯੋ ਨਿਕਾਲਾ ॥ ੧੮ ॥
ਹਜੋ[1] ਨ ਹੋਇ ਜਾਨਿ ਮਨ ਮੂਢਾ।
ਅਬਿ ਦੱਖਣ ਕੋ ਗਯੋ ਅਰੂਢਾ।
ਬੀਤਹਿ ਕਹਾਂ ਨ ਜਾਨ੍ਯੋ ਜਾਈ।
ਜੀਵਤਿ ਆਇ ਕਿ ਤਹਿਂ ਬਿਨਸਾਈ[1]' ॥ ੧੯ ॥
ਸੁਨਿ ਕਰਿ ਸਤਿਗੁਰੁ ਸਹਜ ਸੁਭਾਇ।
ਕਹ੍ਯੋ 'ਨਹੀਂ ਅਬਿ ਆਵਨ ਪਾਇ।
ਬਹੁਤ ਬਰਖ ਕੋ ਹੋਇ ਹੰਗਾਮਾ[1]।
ਬਯ ਕੋ ਭੋਗ ਜਾਇ ਜਮਧਾਮਾ ॥ ੨੦ ॥
ਮਤੀਦਾਸ ਸਤਿਗੁਰੂ ਦਿਵਾਨ।
ਰਿਸ੍ਯੋ ਬਸ੍ਯੋ ਦਿੱਲੀ ਪੁਰਿ ਥਾਨ।
ਸੁਖ ਸੋਂ ਸੁਪਤ ਨ ਦੇਤਿ ਨਿਕੇਤ।
ਵਹਿਰ ਨਿਕਾਸ੍ਯੋ ਦੁਸ਼ਟ ਅਚੇਤ' ॥ ੨੧ ॥
ਸੁਨਿ ਸਭਿ ਸਭਾ ਬਚਨ ਗੁਰ ਕੇਰੇ।

[1]ਰੱਤੀ।

[1]ਨਿਰਨੈ ਕਰ ਲੈਣਾ ਜਦੋਂ (ਰਤਨ ਤੁਸਾਨੂੰ) ਮਿਲੇਗਾ ਤਾਂ। (ਅ) ਪਾਠਾਂਤ੍ਰ-ਨਿਰਨੈ ਕਰ੍ਯੋ, ਤਾਂ ਅਰਥ ਬਣੇਗਾ:-ਤੋਲ ਨਿਰਨੇ ਕੀਤਾ ਜਦ (ਉਸਦੀ ਝਲਕ ਮੈਂ ਅਪਨੇ) ਜਾਮੇ ਤੇ ਪਈ (ਵੇਖੀ)।

[1]ਨਿੰਦਾ।

[1]ਕਿ ਓਥੇ ਹੀ ਮਰੇਗਾ।

[1]ਜੰਗ।

ਬੰਦਹਿ ਨੰਮ੍ਰਿ ਹੋਇ ਤਿਸ ਬੇਰੇ।
'ਪ੍ਰਭੁ ! ਗਤਿ ਲਖੀ ਨ ਜਾਇ ਤੁਮਾਰੀ।
ਹਮ ਅਲੁਪੱਗਜ ਰਹੇ ਡਰ ਧਾਰੀ' ॥੨੨॥
ਇੱਤਜਾਦਿਕ ਬ੍ਰਿਤੰਤ ਕੁਛ ਭਏ।
ਪੁਨ ਉਠਿ ਸਤਿਗੁਰ ਮੰਦਿਰ ਗਏ।
ਸ਼ਸਤ੍ਰਨਿ ਕੋ ਅੱਭਜਾਸ ਘਨੇਰੇ।
ਦਿਨ ਪ੍ਰਤਿ ਲਾਗੇ ਕਰਨਿ ਬਡੇਰੇ ॥੨੩॥
ਲਵਪੁਰਿ ਤੇ ਕਮਾਨ ਅਨਵਾਵੈਂ।
ਤਾਨਿ ਕਾਨ ਲਗਿ ਬਾਨ ਚਲਾਵੈਂ।
ਕਰਜੋ ਖ਼ਾਕ ਤੋਦਾ ਸੁਧਰਾਇ[1]।
ਲੇਸ਼ ਪ੍ਰਵੇਸ਼ਹਿ ਓਜ ਲਗਾਇ[1] ॥੨੪॥
ਗਹੈਂ ਕੁਵਾਦਾ[1] ਐਂਚਨਿ ਕਰੈਂ।
ਬਾਰਿ ਬਾਰਿ ਬਰ ਬਰਕਸ ਧਰੈਂ[1]।
ਦੂਰ ਦਰਾਜ਼ੀ[1] ਤੀਰ ਪ੍ਰਹਾਰੈਂ।
ਧਰਹਿਂ ਨਿਸ਼ਾਨਾ ਤਕਿ ਤਕਿ ਮਾਰੈਂ ॥੨੫॥
ਓਜ, ਪ੍ਰਤਾਪ, ਸ਼ਰੀਰ, ਅਨੰਦ।
ਦਿਨ ਪ੍ਰਤਿ ਚਾਰਹੁੰ ਵਧੈਂ ਬਿਲੰਦ।
ਜਿਤਿਕ ਸੰਬੰਧੀ ਪ੍ਰੇਮ ਕਰੰਤੇ।
ਸੋ ਸਭਿ ਆਏ ਹਰਖ ਧਰੰਤੇ ॥੨੬॥
ਗੁਰੁ ਹਰਿਗੋਬਿੰਦ ਜੀ ਕੀ ਤਨਿਯਾ।
ਬੀਬੀ ਵੀਰੋ ਨਾਮ ਸੁ ਭਨਿਯਾ।
ਜਿਸ ਕੇ ਉਪਜੇ ਨੰਦਨ ਪੰਚ।
ਮਹਾਂ ਬੀਰ ਗੁਨ ਗਨ ਜਿਮ ਸੰਚਿ[1] ॥੨੭॥
ਜਬਿ ਦਸਤਾਰ ਗੁਰੂ ਬੰਧਵਾਈ।
ਤਬਿ ਕੇ ਆਨਿ ਰਹੇ ਸ਼ਰਨਾਈ।
ਪ੍ਰਭੁ ਕ੍ਰਿਪਾਲੁ ਹੋਇ ਢਿਗ ਰਾਖੇ।
ਸ਼ਸਤ੍ਰਨਿ ਬਿੱਦਜਾ ਮਹਿਂ ਅਭਿਲਾਖੇ ॥੨੮॥
ਸੂਰਜਮਲ ਕੇ ਨੰਦਨ ਦੋਇ।

[1]ਮਿੱਟੀ ਦਾ ਢੇਰ ਬਣਾਕੇ। [ਫਾ. ਖ਼ਾਕ ਤੋਦਾ ਹੀ]।

[1]ਲੇਸ਼ ਮਾਤ੍ਰ ਬਲ ਲਗਾਇਆਂ (ਬਾਣ) ਨਿਸ਼ਾਨੇ ਵਿਚ ਪ੍ਰਵੇਸ਼ ਕਰ ਜਾਂਦਾ ਹੈ।

[1]ਹਲਕੀ ਤੇ ਨਰਮ ਕਮਾਨ [ਫਾ. ਕਬਾਦਾ]।

[1]ਚੰਗੀ ਕਸਰਤ ਕਰਦੇ ਹਨ [ਫਾ. ਵਰਜ਼ਿਸ਼]।

[1]ਦੂਰ ਲੰਬਾਈ ਤੀਕ [ਫਾ. ਦੂਰ ਦਰਾਜ਼]।

[1]ਇਕੱਠੇ ਕੀਤੇ ਹਨ।

ਗੁਰ ਸਮੀਪ ਰਹਿਬੇ ਲਗਿ ਸੋਇ।
ਕਬਿ ਕਬਿ ਕੀਰਤਪੁਰਿ ਮਹਿਂ ਜਾਇਂ।
ਪਰਚੇ ਰਹੈਂ ਅਨੰਦਪੁਰਿ ਥਾਇਂ ॥੨੯॥
ਕੇਤੇ ਸਿਖ ਸੇਵਕ ਢਿਗ ਰਹੈਂ।
ਜਨਮ ਸਫਲ ਗੁਰ ਦਰਸ਼ਨ ਲਹੈਂ।
ਬਿੱਦਜਾ ਕਰੈਂ ਬੰਦੂਕਨਿ ਕੇਰੀ।
ਗੁਲਕਾ ਹਤਹਿ ਲੱਛ ਦੇਂ ਗੇਰੀ[1] ॥੩੦॥
ਪਿਖਿ ਪਿਖਿ ਕਲ਼ਗੀਧਰ ਹਰਖਾਵੈਂ।
ਕਰਹਿਂ ਸਰਾਹਨਿ ਪੁਨ ਚਲਵਾਵੈਂ।
ਬਾਨ ਕਮਾਨ ਗਹੈਂ ਸਭਿ[1] ਹਾਥਾ।
ਤਾਨਿ ਤਾਨਿ ਛੋਡਹਿਂ ਬਲ ਸਾਥਾ ॥੩੧॥
ਢਿਗ ਕ੍ਰਿਪਾਲ ਮਾਤੁਲ ਨਿਤ ਹੇਰਹਿ।
ਸਭਿਹਿਨਿ ਬਿੱਦਜਾ ਦੇਤਿ ਬਡੇਰਹਿ[1]।
ਹਯ ਅਰੂਢ ਕਬਿ ਵਹਿਰ ਸਿਧਾਰੈਂ।
ਤੋਮਰ ਗਹੈਂ ਭ੍ਰਮਾਇ ਪ੍ਰਹਾਰੈਂ ॥੩੨॥
ਕਰਹਿਂ ਪਲਾਵਨਿ[1] ਦੇਖਿ ਮਦਾਨ।
ਕਰਹਿ ਕਵਾਇਦ[†] ਤੁਪਕ ਕ੍ਰਿਪਾਨ।
ਉਤਰਹਿਂ ਜਹਾਂ ਬਿਲੋਕਹਿਂ ਛਾਯਾ।
ਕਬਹੁਂ ਅਖੇਰ ਕਰਹਿਂ ਮਨ ਭਾਯਾ ॥੩੩॥
ਬਿੱਪ੍ਰ ਮਲਕ ਜਾਤੀ ਗੁਰ ਪ੍ਰੋਧਾ।
ਸ੍ਰੀ ਹਰਿਗੋਵਿੰਦ ਸੰਗੀ ਜੋਧਾ।
ਦਯਾਰਾਮ ਨੰਦਨ ਤਿਸ ਕੇਰਾ।
ਆਯੁਧ ਬਿੱਦਜਾ ਕਰਹਿ ਬਡੇਰਾ ॥੩੪॥
ਗੁਰ ਆਗਵਨ ਅਨੰਦਪੁਰਿ ਜਾਨਾ।
ਮਿਲਿ ਕੈ ਆਸ਼ਿਖਬਾਦ[1] ਬਖਾਨਾ।
ਭਏ ਪ੍ਰਸੰਨ ਬਿਲੋਕਤਿ ਤਾਂਹੀ।
ਰਾਖਯੋ ਸਾਦਰ ਅਪਨੇ ਪਾਹੀ ॥੩੫॥
ਨਿਕਟਿ ਪਿਤਾਮੇ ਕੇ ਭਟ ਜੋਈ।
ਤਿਨ ਕੋ ਸੁਤ ਪੋਤਾ ਹੁਇ ਕੋਈ।

[1]ਗੋਲੀ ਮਾਰਕੇ ਨਿਸ਼ਾਨਾ ਸੁੱਟ ਦੇਂਦੇ ਹਨ।

[1]ਸਾਰੇ (ਸੇਵਕ)।

[1]ਕਿ ਸ੍ਰੀ ਗੁਰੂ ਜੀ) ਸਭ ਨੂੰ ਬੜੀ ਵਿੱਦਜਾ ਦੇ ਰਹੇ ਹਨ।

[1]ਦੌੜਾਵਨਾ ਕਰਦੇ ਹਨ।

[†]ਜਾਪਦਾ ਹੈ ਕਿ ਇਹ ਕਵਾਇਦ ਉਹੋ ਹੈ ਜੋ ਗੁਰੂ ਛੇਵੇਂ ਜੀ ਤੋਂ ਚੱਲੀ ਤੇ ਸਿਖ ਸੂਰਮਿਆਂ ਤੇ ਸਾਹਿਬਜ਼ਾਦਿਆਂ ਵਿਚ ਮੌਜੂਦ ਸੀ, ਜਿਸ ਨੂੰ ਦਸਮੇਂ ਪਾਤਸ਼ਾਹ ਨੇ ਸਮੇਂ ਦੀਆਂ ਲੋੜਾਂ ਮੂਜਬ ਵਧਾਇਆ ਤੇ ਜੋ ਖਾਲਸੇ ਦਲਾਂ ਵਿਚ ਬੀ ਜਾਰੀ ਰਹੀ।

[1]ਆਸ਼ੀਰਵਾਦ।

ਦੇਖਹਿ ਗੁਰੂ ਪ੍ਰਤਾਪ ਉਚੇਰਾ।
ਸ਼ਸਤ੍ਰਨ ਸੋਂ ਅੱਭਯਾਸ ਬਡੇਰਾ ॥੩੬॥
ਆਇ ਸਮੀਪ ਨੰਮ੍ਰਿ ਸਿਰ ਹੋਇ।
ਪ੍ਰਥਮ ਬਾਰਤਾ[1] ਭਾਖਹਿ ਸੋਇ।

[1]ਪਹਿਲੀ ਗਲ ਭਾਵ ਸ੍ਰੀ ਹਰਿਗੋਬਿੰਦ ਜੀ ਪਾਸ ਜਦ ਉਸਦਾ ਵੱਡਾ ਨੌਕਰ ਸੀ।

ਸੁਨਿ ਸਭਿ ਕੋ ਗੁਰ ਧੀਰਜ ਦੇਤਿ।
ਕਰਿ ਦਰਮਾਹਾਂ ਢਿਗ ਰਖਿ ਲੇਤਿ ॥੩੭॥
ਲਘੁ ਦੀਰਘ[1] ਜੋ ਗੁਰੁ ਢਿਗ ਰਹੈ।

[1]ਛੋਟਾ ਬਡਾ।

ਸਭਿ ਕੇ ਰੋਜ ਰਜਤਪਣ ਕਹੈਂ।
ਦਿਨ ਪ੍ਰਤਿ ਭੀਰ ਹੋਤਿ ਅਧਿਕਾਈ।
ਹੇਤੁ ਜੀਵਕਾ ਨਰ ਸਮੁਦਾਈ ॥੩੮॥
ਸਿਖ ਸੇਵਕ ਕੇਚਿਤ ਢਿਗ ਰਹੈਂ।
ਜਨਮ ਸੁਧਾਰਹਿਂ ਦਰਸ਼ਨ ਲਹੈਂ।
ਹੁਤੇ ਕਦੀਮੀ ਗੁਰ ਘਰ ਕੇਰੇ।
ਸੋ ਸਭਿ ਆਨਿ ਮਿਲੇ ਕਿਯ ਡੇਰੇ ॥੩੯॥
ਜਥਾ ਪਿਤਾਮੇ ਸੈਨ ਬਨਾਈ।
ਤਥਾ ਸੁਭਟ ਰਾਖੇ ਸਮੁਦਾਈ।
ਤਿਮ ਹੀ ਸਕਲ ਸਮਾਜ ਬਨਾਯੋ।
ਦਿਨ ਪ੍ਰਤਿ ਪੁਰਿ ਅਨੰਦ ਬਿਰਧਾਯੋ ॥੪੦॥
ਸ਼ਸਤ੍ਰਨਿ ਕੋ ਦੀਰਘ ਅੱਭਯਾਸਾ।
ਕਰਹਿਂ ਕਰਾਵਹਿਂ ਪਿਖਹਿਂ ਤਮਾਸ਼ਾ।
ਹਯਨਿ ਅਰੂਢਹਿਂ ਵਹਿਰ ਸਿਧਾਵਹਿਂ।
ਨਾਨਾ ਰੀਤਿ ਫੰਧਾਇ ਪਲਾਵਹਿਂ ॥੪੧॥
ਪਾਨ[1] ਕਮਾਨ ਤਾਨ ਕਰਿ ਬਾਨਾ।

[1]ਹੱਥ ਵਿੱਚ।

ਕਰਹਿਂ ਦਿਖਾਵਨਿ ਹਤਹਿਂ ਨਿਸ਼ਾਨਾ।
ਤੋਮਰ ਤੁਪਕ ਸੁ ਤੇਗ਼ ਤਮਾਚਾ।
ਕਰਹਿਂ ਪ੍ਰੇਮ ਧਾਰਹਿ ਗੁਰ ਸਾਚਾ[1] ॥੪੨॥

[1]ਪ੍ਰੇਮ ਨਾਲ ਸਚੇ ਗੁਰੂ ਜੀ ਧਾਰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁੱਤੇ 'ਦਿੱਲੀ ਕੇਰ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

੯. [ਸਤਿਗੁਰੂ ਜੀ ਦੀ ਸਗਾਈ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:
ਇਸੀ ਰੀਤਿ ਸਿਖ ਸੰਗਤਾਂ, ਨਿਤ ਪ੍ਰਤਿ ਦਰਸ਼ਨ ਆਇਂ।
ਦੇਸ਼ ਬਿਦੇਸ਼ਨ ਕੇ ਬਿਖੈ, ਜਸੋਂ ਜਸੋਂ ਸੁਧਿ ਗੁਰ ਜਾਇ ॥੧॥
ਚੌਪਈ:
ਰਾਮਕੁਇਰ ਭਾਖਤਿ ਸ਼ੁਭ ਕਥਾ।
ਸ਼੍ਰੋਤਾ ਸੁਨਹੁ ਗੁਰਨਿ ਕੀ ਜਥਾ।
ਮੋ ਕਹੁ ਨਿਕਟ ਆਪਨੇ ਰਾਖਾ।
ਕ੍ਰਿਪਾ ਕਰਹਿਂ ਲਖਿ ਮਮ ਅਭਿਲਾਖਾ
॥੨॥
ਕਬਿ ਕਬਿ ਮੈਂ ਗਮਨੌਂ ਨਿਜ ਗ੍ਰਾਮੂ।
ਸੰਗਤਿ ਹਮਰੀ ਆਇ ਸੁ ਧਾਮੂ।
ਬਹੁਰ ਸਮੀਪ ਗੁਰੂ ਕੇ ਜਾਵੌਂ।
ਬਹੁ ਬਿਲਾਸ ਹੇਰਤਿ ਹਰਖਾਵੌਂ ॥੩॥
ਦਿਨ ਪ੍ਰਤਿ ਅਧਿਕ ਅਧਿਕ ਅਧਿਕਾਈ।
ਸਭਿ ਸਮਾਜ ਕੋ ਗੁਰੂ ਬਧਾਈ।
ਸ਼ਸਤ੍ਰ ਤੁਰੰਗਮ ਜੋ ਸਿਖ ਲ੍ਯਾਵੈ।
ਅਰਪਹਿ ਆਗੈ ਸੀਸ ਨਿਵਾਵੈ ॥੪॥
ਹੁਇ ਪ੍ਰਸੰਨ ਦੇਂ ਖੁਸ਼ੀ ਘਨੇਰੀ।
ਪੁਰਵਹਿਂ ਤਿਸ ਅਭਿਲਾਖ ਬਡੇਰੀ।
ਦੂਰ ਦੂਰ ਤੇ ਨਿਤ ਸਿੱਖ ਆਵਹਿਂ।
ਦਰਸਹਿਂ ਗੁਰੂ ਅਨੰਦ ਉਪਾਵਹਿਂ ॥੫॥
ਸ਼੍ਰੀ ਮੁਖ ਤੇ ਸਭਿ ਮਹਿਂ ਫੁਰਮਾਵੈਂ।
'ਹਯ ਆਯੁਧ ਜੋ ਲੇ ਕਰਿ ਆਵੈ[1]। [1](ਜੇ) ਕੋਈ ਲੈ ਆਵੇ ਤਾਂ।
ਸੋ ਸਿਖ ਖੁਸ਼ੀ ਗੁਰੂ ਕੀ ਲੈਹੈ।
ਮਨ ਬਾਂਛਤਿ ਪੁਨ ਕਸੋਂ ਨਹਿਂ ਪੈ ਹੈ' ॥੬॥
ਦੇਸ਼ ਬਿਦੇਸ਼ ਬਿਖੈ ਬਿਦਤਾਈ।
ਧਨ ਖਰਚਹਿਂ ਸਿਖ ਜਿਤ ਕਿਤ ਜਾਈ।
ਹਯ ਆਯੁਧ ਖੋਜਹਿਂ ਫਿਰ ਘਨੇ[1]। [1]ਫਿਰਕੇ ਬਹੁਤਾ।
ਅਰਪਹਿਂ ਆਨਿ ਪ੍ਰੇਮ ਪਗ ਸਨੇ ॥੭॥
ਦਿਨਪ੍ਰਤਿ ਹੁਇ ਉਤਸਾਹ ਬਿਸਾਲਾ।

ਨਿਕਟਿ ਰਹਨਿ ਲਾਗੇ ਸਿਖ ਜਾਲਾ।
ਸ਼ਸਤ੍ਰਨਿ ਬਿੱਦਯਾ ਕਹੁ ਅੱਭਯਾਸਹਿਂ।
ਜਿਮ ਸਤਿਗੁਰ ਕੋ ਪਿਖਹਿਂ ਬਿਲਾਸਹਿਂ ॥੮॥
ਲਵਪੁਰਿ ਕੀ ਸੰਗਤਿ ਸਮੁਦਾਈ।
ਅਨਿਕ ਅਕੋਰਨਿ ਲੇ ਕਰਿ ਆਈ।
ਉਤਰਿ ਬਿਪਾਸਾ ਸਲਿਤਾ ਪਾਰਾ।
ਉਲੰਘੇ ਦੂਾਬਾ ਦੇਸ਼ੁ ਜੁ ਸਾਰਾ ॥੯॥
ਸਤੁੱਦ੍ਰਵ ਤੀਰ ਤਰੀ[1] ਕਉ ਪਾਇ। [1]ਬੇੜੀ।
ਪਾਰ ਪਰੇ ਆਨੰਦਪੁਰਿ ਆਇ।
ਧਰਮਸਾਲ ਮਹਿਂ ਡੇਰਾ ਕੀਨਿ।
ਭੋਜਨ ਖਾਨ ਦੇਗ਼ ਤੇ ਲੀਨਿ ॥੧੦॥
ਜਬਿ ਸਤਿਗੁਰ ਘਰ ਬਾਹਿਰ ਆਏ।
ਲਗੀ ਸਭਾ ਮਹਿਂ[1] ਬੈਠਿ ਸੁਹਾਏ। [1]ਲਗੀ ਹੋਈ ਸਭਾ ਵਿੱਚ।
ਦਰਸ਼ਨ ਕੇ ਹਿਤ ਸੰਗਤਿ ਜੋਈ।
ਭਈ ਇਕੱਤ੍ਰ ਕਿਤਿਕ ਦਿਨ ਸੋਈ ॥੧੧॥
ਸੁਨੇ ਗੁਰੂ ਜਬਿ ਆਨਿ ਬਿਰਾਜੇ।
ਬੈਠੇ ਦਰਸ ਦੇਨਿ ਕੋ ਕਾਜੇ।
ਲੇ ਲੇ ਭੇਟਨਿ ਪਹੁੰਚੇ ਜਾਈ।
ਧਰਿ ਧਰਿ ਆਗੈ ਗ੍ਰੀਵ ਨਿਵਾਈ ॥੧੨॥
ਗੋਤ ਸੁਭਿੱਖੀ ਛੱਤ੍ਰੀ ਏਕ।
ਸੋ ਦਰਸ਼ਨ ਕਰਿ ਜਲਧਿ ਬਿਬੇਕ[1]। [1]ਭਾਵ ਗੁਰੂ ਜੀ ਦਾ।
ਚਹਤਿ ਸੁਤਾ ਕੋ ਅਰਪਨ ਕਰਯੋ।
ਹਿਤ ਕੱਲਯਾਨ ਮਨੋਰਥ ਧਰਯੋ ॥੧੩॥
ਇਮ ਮਨ ਚਿਤਵਤਿ ਮਾਤਾ ਪਾਸ।
ਪਹੁੰਚਯੋ ਜਾਇ ਪੁਰਨਿ[1] ਨਿਜ ਆਸ। [1]ਪੂਰੀ ਕਰਨ ਲਈ।
ਕਰਿ ਬੰਦਨ ਅਰਦਾਸ ਉਚਾਰੀ।
'ਤਨੁਜਾ ਮੋਹਿ ਨਿਕੇਤ ਮਝਾਰੀ ॥੧੪॥
ਚਾਹਤਿ ਕਰਯੋ ਗੁਰੂ ਕੀ ਦਾਸੀ।
ਦੀਨ ਜਾਨਿ ਜਿਨ[1] ਠਾਨਹੁ ਹਾਸੀ। [1]ਮਤਾਂ।
ਗੁਰ ਕੋ ਘਰ ਨਿਤਾਨ ਕੋ ਤਾਨਾ।

ਓਟ ਨਿਓਟਨਿ ਮਾਨ ਨਿਮਾਨਾ ॥੧੫॥
ਇਹ ਮਨ ਮਹਿਂ ਹਠ ਧਾਰਿ ਬਖਾਨਾ।
ਕਿਤ ਲਘੁ ਹਮ[1] ਕਿਤ ਗੁਰੂ ਮਹਾਨਾ।' [1]ਅਸੀਂ ਤੁੱਛ ਕਿੱਥੇ।
ਸੁਨਿ ਦ੍ਵੈ ਮਾਤਨਿ ਤਿਹ ਸਨਮਾਨਾ।
ਕਰਨਿ ਸੰਬੰਧ ਨੀਕ ਹੀ ਮਾਨਾ ॥੧੬॥
ਇਮ ਠਹਿਰਾਇ ਸਿਵਰ ਨਿਜ ਆਯੋ।
ਬਹੁਰ ਗੁਰੂ ਕੋ ਦਰਸ਼ਨ ਪਾਯੋ।
ਹਾਥ ਜੋਰਿ ਕਰਿ ਠਾਢਿ ਅਗਾਰੀ।
'ਦਾਸੀ ਚਾਹਤਿ ਕਰਜੋ ਤੁਮਾਰੀ ॥੧੭॥
ਮਮ ਪੁੱਤ੍ਰੀ ਕੋ ਅੰਗੀਕਾਰਹੁ।
ਦੀਨ ਬੰਧੁ ਨਿਜ ਬਿਰਦ ਸੰਭਾਰਹੁ।'
ਕਹਜੋ ਕ੍ਰਿਪਾਲ[1] 'ਸਮੋ ਅਬਿ ਆਛੋ। [1]ਮਾਮਾ ਕ੍ਰਿਪਾਲ ਜੀ ਨੇ।
ਕੀਜਹਿ ਨੀਕੇ ਜਿਮ ਉਰ ਬਾਂਛੋ' ॥੧੮॥
ਸ਼੍ਰੀ ਗੁਜਰੀ ਪੂਰਬ ਸਮੁਝਾਯੋ।
'ਲੀਜੈ ਲਵਪੁਰਿ ਸਾਕ ਜੁ ਆਯੋ।'
ਲਖਿ ਸ਼ੁਭ ਸਮਾ ਸਭਾ ਕੇ ਮਾਂਹਿ।
ਖਾਰਕ ਦੀਨਿ[1] ਗੁਰੂ ਕੇ ਪਾਹਿ ॥੧੯॥ [1]ਛੁਹਾਰਾ ਦਿੱਤਾ।
ਅੰਗੀਕਾਰ ਜਬਹੁ ਕਰਿ ਲਯੋ।
ਰਿਦੇ ਸੁਭਿੱਖੀ ਬਹੁ ਹਰਖਯੋ।
ਨਿਕਟ ਮਾਤ ਕੇ ਅਧਿਕ ਬਧਾਈ।
ਦੇਤਿ ਤ੍ਰਿਯਾ ਪੁਰਿ ਕੀ ਸਮੁਦਾਈ ॥੨੦॥
ਸਰਬ ਰੀਤਿ ਕੇ ਮੰਗਲ ਸਾਜੇ।
ਲਘੁ ਦੁੰਦਭਿ ਕੀ ਨੌਬਤ ਬਾਜੇ।
ਜਨਨੀ ਗਨ ਅਨਵਾਏ ਮੋਦਕ[1]। [1]ਲਡੂ।
ਬੰਟ ਦੀਨਿ ਉਤਸਵ ਭਾ ਮੋਦਕ[1] ॥੨੧॥ [1]ਖੁਸ਼ੀ ਦੇਣ ਵਾਲਾ।
ਗਾਵਤਿ ਗੀਤ ਕੋਕਲਾ ਬੈਨੀ।
ਮਿਲੀ ਆਨਿ ਗਨ ਪੰਕਜ ਨੈਨੀ।
ਬਸਨ ਬਿਭੂਖਨ ਭੂਖਤਿ ਅੰਗ।
ਜ਼ਰੀ ਚੂਨਰੀ ਪਹਿਰਿ ਸੁਰੰਗ[1] ॥੨੨॥ [1]ਸੁਹਣੇ ਰੰਗ ਦੀਆਂ ਗੋਟੇਦਾਰ ਚੁੰਨੀਆਂ।
ਮੰਗਤਿ ਗਨ ਜਨ ਦੇਖਨਿ ਕਰੇ।
ਮਾਤ ਅਨੰਦ ਬਿਲੰਦਹਿ ਧਰੇ।
ਸਾਦਰ ਧਨ ਸਭਿਹਿਨਿ ਕੋ ਦੇਤਿ।

ਭੀਰ ਭੂਰ ਭਰਿ ਰਹੀ ਨਿਕੇਤ ॥੨੩॥
ਢੋਲਕ ਆਨਿ ਬਜਾਵਤਿ ਕੋਈ।
ਕੋ ਤ੍ਰਿਯ ਗਾਵਤਿ ਆਨੰਦ ਹੋਈ।
ਇਸ ਤੇ ਆਦਿ ਕੀਨਿ ਉਤਸਾਹੂ।
ਗਯੋ ਸੁ ਖੱਤ੍ਰੀ ਲਵਪੁਰਿ ਮਾਂਹੂ ॥੨੪॥
ਭ੍ਰਾਤ ਸ਼ਰੀਕਨਿ ਮਹਿਂ ਸੁਧਿ ਦੀਨ।
ਸਭਿਨਿ ਸੁਨਾਵਤਿ ਮੰਗਲ ਕੀਨਿ।
ਬਹੁਰ ਸਲਾਹ ਕਰਹੁ ਕੀ ਠਾਨੀ।
ਮਿਲਿ ਨਰ ਨਾਰਿਨਿ ਤਬਹਿ ਬਖਾਨੀ ॥੨੫॥
'ਅਰਜ਼ ਬਜਾਹ ਗੁਰ ਅਗ੍ਰ ਸਿਧਾਰਹੁ।
-ਆਪ ਆਇ ਲਵਪੁਰੀ ਮਝਾਰਹੁ।
ਅਪਨੀ ਸੰਗਤਿ ਕਰਹੁ ਨਿਹਾਲ।
ਫੇਰੇ ਫਿਰਹੁ ਸੁ ਮਿਲਿ ਨਰ ਜਾਲ-' ॥੨੬॥
ਇਮ ਬਿਚਾਰ ਸੁਧਵਾਯਹੁ ਸਾਹਾ[†]।
ਗਮਨਜੋ ਆਪ ਗੁਰੂ ਕੇ ਪਾਹਾ।
ਪਹੁੰਚਜੋ ਆਨਿ ਅਨੰਦਪੁਰਿ ਸੋਇ।
ਸੁਨੀ ਬਜਾਹ ਕੀ ਸੁਧਿ ਸਭਿ ਕੋਇ ॥੨੭॥
ਪੂਰਬ ਮਾਤਾ ਕੋ ਸੁਧਿ ਦਈ।
ਸੁਨਤਿ ਅਨੰਦ ਬਿਲੰਦੈ ਭਈ।
ਸਾੜ ਮਾਸ ਤ੍ਰੈ ਬਿੰਸੁ ਪ੍ਰਵਿਸ਼ਟੇ[1]।
ਨਿਕਸਜੋ ਸਾਹਾ ਦੁਇ ਦਿਸ਼ਿ ਇਸ਼ਟੇ[1] ॥੨੮॥
ਬਹੁਰੁ ਸੁਭਿਖੀਆ ਗੁਰ ਢਿਗ ਗਯੋ।
ਅਪਨੀ ਬਿਨੈ ਸੁਨਾਵਤਿ ਭਯੋ।
'ਲਵਪੁਰਿ ਕੀ ਸੰਗਤਿ ਹੈ ਜੇਤੀ।
ਰਿਦੇ ਕਾਮਨਾ ਧਾਰਹਿ ਤੇਤੀ ॥੨੯॥
-ਸਜਹਿਂ ਬਰਾਤ ਗੁਰੂ ਨਿਜ ਸਾਰੀ।
ਇਸ ਪੁਰਿ ਆਵਹਿਂ ਕਰੁਨਾ ਧਾਰੀ।

[†]ਸ਼੍ਰੀ ਗੁਰੂ ਗ੍ਰੰਥ ਜੀ ਦਾ ਵਾਕ ਹੈ 'ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ' ਵਿਸ਼ੇਸ਼ ਲਈ ਦੇਖੋ ਰਾਸ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

[1]ਹਾੜ ਦਾ ਮਹੀਨਾ ੨੩ ਦਿਨ ਬੀਤੇ।

[1]ਦੁਹਾਂ ਧਿਰਾਂ ਨੂੰ ਚੰਗਾ ਲੱਗਣ ਵਾਲਾ।

ਕਰਹਿਂ ਢੁਕਾਇ ਬਜਾਹ ਲੇ ਜਾਹਿਂ-।
ਇਮ ਚਾਹਤਿ ਤੁਮ ਸੁਜਸੁ ਉਮਾਹਿਂ ॥ ੩੦ ॥
ਭ੍ਰਾਤ ਸ਼ਰੀਕਨਿ ਮਹਿਂ ਪ੍ਰਣ ਕਿੱਤਾ।
-ਲਵਪੁਰਿ ਮਹਿਂ ਬਜਾਹੌਂ ਨਿਜ ਸੁਤਾ[1]। [1]ਪੁੱਤ੍ਰੀ ਨੂੰ।
ਅਬਿ ਅਧੀਨ ਰਾਵਰ ਕੇ ਅਹੈ।
ਕਰੀ ਪ੍ਰਤੱਗਜਾ ਜੇ ਇਮ ਰਹੈ' ॥ ੩੧ ॥
ਸੁਨਿ ਕਲ਼ਗੀਧਰ ਤਿਸ ਕੋ ਭਾਖਾ।
'ਇਸ ਥਲ ਹੀ ਪੁਰਵਹਿਂ ਅਭਿਲਾਖਾ।
ਰਚੈਂ ਲਹੌਰ ਅਨੰਦਪੁਰਿ ਪਾਸ।
ਭ੍ਰਾਤਨਿ ਸਹਿਤ ਆਨਿ ਕਰਿ ਬਾਸ ॥ ੩੨ ॥
ਬਨਹਿਂ ਬਜ਼ਾਰ ਬਸਹਿਂ ਨਰ ਘਨੇ।
ਸੁਤ ਬਨਿਤਾ ਪਰਵਾਰਨਿ ਸਨੇ।
ਲਵਪੁਰਿ ਕੀ ਰਚਨਾ ਬਰ ਭਾਰੀ।
ਤਿਸ ਦਿਨਿ ਤੋਹਿ ਦਿਖਾਵਹਿਂ ਸਾਰੀ ॥ ੩੩ ॥
ਤੇਰੀ ਹੋਇ ਪ੍ਰਤੱਗਜਾ ਪੂਰੀ।
ਕਰਹੁ ਬਜਾਹ ਇਸ ਥਲ ਬਿਧਿ ਰੂਰੀ।'
ਸੁਨਿ ਬੋਲਜੋ ਖੱਤ੍ਰੀ ਕਰ ਜੋਰੇ।
'ਬਜਾਹ ਬਿਖੇ ਅਬਿ ਬਾਸੁਰ ਥੋਰੇ ॥ ੩੪ ॥
ਦੋਇ ਮਾਸ ਅਬਿ ਰਹੇ ਪਛਾਨੋ।
ਸਾੜ ਤ੍ਰਿਬਿੰਸਤ[1] ਸਾਹਾ ਜਾਨੋ। [1]ਹਾੜ ਦੀ ੨੩ ਦਾ।
ਰਾਵਰ ਕੋ ਲਵਪੁਰਿ ਕਬਿ ਬਸੈ।
ਐਸ ਨ ਹੋਇ ਮੋਹਿ ਨਰ ਹਸੈਂ' ॥ ੩੫ ॥
ਬੋਲੇ ਕਲ਼ਗੀਧਰ ਉਰ ਭਾਵੈ[1]। [1]ਮਨ ਭਾਂਵਦੀ।
'ਹਮ ਲਹੌਰ ਤਤਕਾਲ ਬਸਾਵੈਂ।
ਜਬਿ ਬਸਿ ਜਾਇ ਲਜਾਇ ਪਰਿਵਾਰ।
ਕੀਜਹਿ ਸਭਿ ਸਮਾਜ ਅਬਿ ਤਜਾਰ ॥ ੩੬ ॥
ਬਸਜੋ ਦੇਖਿ ਕੈ ਸਦਨ ਸਿਧਾਵਹੁ।
ਭ੍ਰਾਤਨਿ ਸਹਿਤ ਬਹੁਰ ਚਲਿ ਆਵਹੁ।'

ਤਿਸ ਟਿਕਾਇ ਸ਼੍ਰੀ ਗੁਰ ਫੁਰਮਾਏ।
ਬ੍ਰਿੰਦ ਹੁਕਮਨਾਵੇ ਲਿਖਵਾਏ ॥੩੭॥
ਨਿਕਟ ਨਿਕਟ ਕੇ ਪੁਰਿ ਸਮੁਦਾਏ।
ਸਭਿਹਿਨਿ ਮਹਿਂ ਤਤਕਾਲ ਪਠਾਏ।
'ਜੋ ਸਿੱਖ ਹੋਇ ਕਰਹਿ ਬਿਵਹਾਰ।
ਸੋ ਅਬਿ ਆਇ ਗੁਰੂ ਦਰਬਾਰ ॥੩੮॥
ਲੇ ਪਹੁੰਚਹਿ ਜਿਸ ਢਿਗ ਧਨ ਹੋਇ।
ਆਨਿ ਦੁਕਾਨ ਕਰਹਿ ਨਰ ਸੋਇ।
ਜਿਸ ਕੇ ਸਦਨ ਦਰਬ ਨਹਿਂ ਪਾਇ।
ਲੇ ਗੁਰ ਘਰ ਤੇ ਬਨਜ ਚਲਾਇ ॥੩੯॥
ਬਜਾਹ ਸਮੈ ਲੌਂ ਖੁਲਹਿ ਬਜਾਰ[1]। [1]ਵਿਆਹ ਸਮੇਂ ਤਕ ਬਾਜ਼ਾਰ ਖੁੱਲ੍ਹਾ ਰਹੇਗਾ।
ਮਿਲਹਿਂ ਬ੍ਰਿੰਦ ਨਰ ਕਈ ਹਜ਼ਾਰ।
ਸਭਿ ਬਿਧਿ ਕਰਹਿਂ ਬੈਠਿ ਬਿਵਹਾਰੂ।
ਅੰਬਰ ਬ੍ਰਿੰਦ ਪਟੰਬਰ ਚਾਰੂ ॥੪੦॥
ਪਸ਼ਮੰਬਰ ਬਰ ਬਰਨ ਸੁ ਨਾਨਾ[1]। [1]ਸ੍ਰੇਸ਼ਟ ਰੰਗਾਂ ਰੰਗਾਂ ਦੇ।
ਮੁਕਤਾ ਬ੍ਰਿੰਦ, ਪ੍ਰਵਾਲ ਮਹਾਨਾ[1]। [1]ਸ੍ਰੇਸ਼ਟ ਮੂੰਗੇ।
ਅੰਨ ਅਨਿਕ, ਅਰੁ ਘ੍ਰਿਤ ਮਿਸ਼ਟਾਨਾ।
ਆਇਂ ਸਰਾਫ[1], ਬਜ਼ਾਜ਼[2] ਸੁਜਾਨਾ' ॥੪੧॥ [1]ਸੋਨਾ ਚਾਂਦੀ ਦੇ ਕੰਮ ਵਾਲੇ। [2]ਕੱਪੜੇ ਵਾਲੇ।
ਏਵ ਹੁਕਮਨਾਵੇ ਲਿਖਵਾਇ।
ਸਿੱਖ ਮਸੰਦਨ ਪ੍ਰਤੀ ਪਠਾਇ।
ਜਹਿਂ ਕਹਿਂ ਲੇ ਪਹੁੰਚੇ ਤਤਕਾਲਾ।
ਪਠਿ ਪਠਿ[1] ਸਮਝੇ ਕਾਜ ਬਿਸਾਲਾ ॥੪੨॥ [1]ਪੜ੍ਹ ਪੜ੍ਹਕੇ।
ਤਬਹਿ ਮਸੰਦਨ ਸੰਗਤਿ ਸਾਰੀ।
ਗੁਰੂ ਹੁਕਮ ਤੇ ਤੁਰਤ ਹਕਾਰੀ।
ਹੁਕਮ ਸੁਨਾਯੋ ਸਭਿ ਕੇ ਕਾਨ।
'ਪ੍ਰਥਮ ਬਜਾਹ ਉਤਸਵ ਬਡ ਜਾਨ ॥੪੩॥
ਦੇਖਹੁ ਸਰਬ ਬਜਾਹ ਕੀ ਲੀਲ੍ਹਾ।
ਪੁਨ ਖਾਟਹੁ ਧਨ ਲਾਭ ਗਹੀਲਾ[1]। [1]ਬਹੁਤ।
ਕੇਤਿਕ ਬਾਸੁਰ ਬਾਸਾ ਕਰੀਅਹਿ।

ਦਰਸਹੁ ਗੁਰੁ ਨਿਜ ਭਲਾ ਬਿਚਰੀਅਹਿ'
॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

੧੦. [ਗੁਰੂ ਕਾ ਲਾਹੌਰ ਵੱਸਣਾ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਸੁਨਿ ਸੁਨਿ ਗੁਰ ਕੇ ਬਚਨ ਕੋ, ਗ਼ਨੀ[1] ਗ਼ਰੀਬ ਬਿਸਾਲ। [1]ਧਨੀ।
ਬਜਾਹ ਉਛਾਹ ਪਛਾਨਿ ਕੈ, ਗਮਨ ਠਾਨਿ ਤਤਕਾਲ[1] ॥੧॥ [1]ਤੁਰਤ ਤੁਰ ਪਏ।

ਚੌਪਈ: [1]ਤੁਰਤ ਤੁਰ ਪਏ।

ਅਨਿਕ ਬਨਿਕ[1] ਰੋਪਰ ਤੇ ਆਏ।
ਸਕਲ ਭਾਂਤਿ ਕੋ ਸਉਦਾ ਲਜਾਏ।
ਪੁਰਿ ਹੁਸ਼ੀਆਰਿ ਆਦਿ ਜੇ ਹੁਤੇ।
ਤਿਨ ਮਹਿਂ ਤੇ ਆਵਤਿ ਭੇ ਇਤੇ[1] ॥੨॥ [1]ਇਧਰ।
ਕੇਤਿਕ ਗੁਰ ਸਿਖ ਸੰਗਤਿ ਆਵਹਿਂ।
ਤਿਨ ਕੇ ਸੰਗ ਅਪਰ ਮਿਲਿ ਜਾਵਹਿਂ।
-ਧਨ ਖਾਟਹਿਂਗੇ ਕਰਿ ਬਿਵਹਾਰੋ।
ਮੇਲਾ ਲਾਗਹਿ ਕਈ ਹਜ਼ਾਰੋ- ॥੩॥
ਸੁਨਿ ਸੁਨਿ ਨਰ ਗ੍ਰਾਮਨਿ ਸਮੁਦਾਏ।
ਕਰਿ ਚਿਤ ਚੌਂਪ ਤੁਰਤ ਚਲਿ ਆਏ।
ਹੁਤੋ ਨਗਰ ਸੀਰੰਦ[1] ਬਡੇਰੋ। [1]ਬਾਣੀਏ।
ਤਹਿਂ ਬਿਵਹਾਰੀ ਮਿਲੇ ਘਨੇਰੋ ॥੪॥
ਬਡੋ ਬਜ਼ਾਰ ਤਹਾਂ ਤੇ ਆਯੋ।
ਬਨਜ ਹੇਤੁ ਸਉਦਾ ਬਡ ਲਜਾਯੋ।
ਕੇਤਿਕ ਸਿੱਖ ਦਰਬ ਤੇ ਹੀਨੇ।
ਸੁਨਿ ਗੁਰ ਹੁਕਮ ਹਰਖ ਉਰ ਕੀਨੇ ॥੫॥
-ਗੁਰ ਘਰ ਤੇ ਧਨ ਲੇਹਿਂ ਸੁਖਾਰੇ।
ਖਾਟਹਿਂ ਲਾਭ ਕਰਹਿਂ ਬਿਵਹਾਰੇ।
ਉਤਸਵ ਮਹਾਂ ਬਜਾਹ ਕੋ ਹੋਵੈ।
ਬਹੁ ਦਿਨ ਲਗਿ ਗੁਰ ਦਰਸ਼ਨ ਜੋਵੈਂ ॥੬॥
ਬਹੁ ਗੁਨ ਹੈਂ ਅਨੰਦਪੁਰਿ ਜਾਨੇ[1]-। [1]ਜਾਣ ਵਿਚ।
ਮਿਲਿ ਕਰਿ ਸਜਾਨੇ ਸਭਿਹਿਨਿ ਜਾਨੇ[1]। [1]ਸਭਨਾਂ ਨੇ ਜਾਣਿਆ।
ਗਮਨੇ ਕਿਤਿਕ ਸਕਟ ਕਰਿ ਭਾਰੇ[1]। [1]ਕਿਰਾਏ ਕਰਕੇ।
ਆਪ ਅਰੂਢੇ ਲਾਦਜੋ ਭਾਰੇ[1] ॥੭॥ [1]ਭਾਰਾਂ ਨੂੰ ਲੱਦ ਕੇ।
ਨਿਕਟ ਨਿਕਟ ਜੇਤਿਕ ਥੇ[†] ਬਾਸੀ। [†]ਪਾ:-ਗਿਰ।

ਚਲਿ ਆਏ ਆਨੰਦਪੁਰਿ ਪਾਸੀ।
ਇਮ ਜਬਿ ਅਨਿਕ ਬਨਿਕ ਚਲਿ ਆਏ।
ਸ੍ਰੀ ਕਲਗ਼ੀਧਰ ਤਿਨ ਸੁਧਿ ਪਾਏ ॥੮॥
ਨਿਜ ਪੁਰਿ ਤੇ ਉੱਤਰ ਦਿਸ਼ਿ ਲਹਜੋ।
ਸੁਭ ਥਲ ਲਵਪੁਰਿ ਕਰਿਬੋ ਚਹਜੋ।
ਤਬਿ ਮਾਤੁਲ ਕੇ ਸੰਗ ਬਖਾਨਾ।
'ਹੁਕਮ ਮਸੰਦਨ ਦੇਹੁ ਸੁਜਾਨਾ ॥੯॥
ਤਿਸ ਥਲ ਜਾਇ ਕਰਾਵਹਿ ਆਹਰ[1]। [1]ਉੱਦਮ।
ਜਿਸ ਬਿਧਿ ਨਗਰ ਬਸਹਿ ਬਡ ਜ਼ਾਹਰ।
ਬੀਚ ਬਜ਼ਾਰ ਬਿਲੰਦ ਬਨਾਵਹਿਂ।
ਬ੍ਰਿੰਦ ਬਰੋਬਰ ਛਾਪਰ ਛਾਵਹਿਂ ॥੧੦॥
ਲਾਇ ਮਿਹਨਤੀ ਨਰਨਿ ਹਜ਼ਾਰਹੁੰ।
ਧਰਿ ਤੂਰਨਤਾ ਠਾਨਹਿਂ ਤਜਾਰਹੁ[1]। [1]ਤਿਆਰੀ ਕਰਨ।
ਜੋ ਬਿਵਹਾਰੀ ਚਲਿ ਕਰਿ ਆਵਹਿ।
ਦੇ ਤਿਸ ਕੋ ਸਨਮਾਨ ਬਸਾਵਹਿਂ ॥੧੧॥
ਆਪ ਰੋਜ਼ ਤਹਿਂ ਕੀਜਹਿ ਫੇਰਾ।
ਸੰਗਰ[1] ਦਿਹੁ ਬੰਧਵਾਇ ਚੁਫੇਰਾ।' [1]ਵਾੜਾ, ਝਿੜਾ।
ਸੁਨਿ ਗੁਰ ਹੁਕਮ ਬਸਾਵਨਿ ਲਵਪੁਰਿ।
ਕਾਰਜ ਲੀਨਿ ਸੰਭਾਰਿ ਹਰਖ ਉਰ ॥੧੨॥
ਬ੍ਰਿੰਦ ਮਸੰਦਨ ਲਏ ਹਕਾਰਾ।
ਸਭਿ ਪ੍ਰਤਿ ਗੁਰ ਕੋ ਹੁਕਮ ਉਚਾਰਾ।
ਧਰਿ ਧਰਿ ਹਰਖ ਸਕਲ ਚਲਿ ਗਏ।
ਪੁੰਜ ਮਿਹਨਤੀ ਇਕ ਥਲ ਕਿਏ ॥੧੩॥
ਤੂਰਨ ਛਾਪਰ ਛਾਵਨਿ ਕਰੇ।
ਰੀਤਿ ਬਜਾਰਨਿ ਕੀ ਅਨੁਸਰੇ[1]। [1]ਬਜ਼ਾਰਾਂ ਦੀ ਰੀਤ ਕੀਤੀ।
ਪਹੁੰਚੇ ਤਹਾਂ ਅਨਿਕ ਬਿਵਹਾਰੀ[1]। [1]ਬਾਣੀਏਂ ਵਿਵਹਾਰ ਕਰਨ ਵਾਲੇ।
ਹੇਰਿ ਹੇਰਿ ਕਰਿ ਹਾਟ ਸੰਭਾਰੀ ॥੧੪॥
ਸ੍ਰੀ ਗੁਰੂ ਹਰਿ ਗੋਵਿੰਦ ਕੀ ਤਨੀਆ[1]। [1]ਬੀਬੀ ਵੀਰੋ ਜੀ।
ਪੰਚ ਪੁੱਤ੍ਰ ਤਿਸ ਨੇ ਭਟ[1] ਜਨੀਆ। [1]ਸੂਰਮੇ।
ਗੁਰੂ ਭਾਨਜੇ ਤਿਨ ਕੋ ਕਹੈਂ[1]। [1]ਗੁਰੂ ਭਾਣਜੇ ਉਨ੍ਹਾਂ ਦੀ ਅੱਲ ਪੈ ਗਈ ਸੀ ਕਿਉਂਕਿ ਉਹ ਵਡੇ ਗੁਰੂ ਤੇਗ ਬਹਾਦਰ ਜੀ ਦੇ ਭਾਣਜੇ (ਭਣੇਵੇਂ) ਸਨ, ਗੁਰੂ ਗੋਬਿੰਦ ਸਿੰਘ ਜੀ ਦੇ ਓਹ ਭੂਆ ਦੇ ਪੁੱਤ੍ਰ ਭਰਾ ਸੇ।

ਮਹਾਂਬੀਰ ਸ਼ੁਭ ਮਤਿ ਮਹਿਂ ਅਹੈਂ ॥੧੫॥
ਨਾਮ ਬਡੇ ਕੋ ਸੰਗੋ ਧਰਜੋ।
ਸੋ ਗੁਰ ਨਿਕਟ ਹਕਾਰਨਿ ਕਰਜੋ।
ਤਿਸ ਕੋ ਕਾਜ ਦੀਨਿ ਸੰਭਾਰਨ।
'ਪੁਰਿ ਪੁਰਿ ਕੋ ਮੁਖਿ[1] ਕਰਹੁ ਹਕਾਰਨਿ ॥੧੬॥
ਪੂੰਜੀ ਕੇਤਿਕ ਲੈ ਹੈ ਕੋਇ।
ਤੇਤਿਕ ਦਰਬ ਦੇਹੁ ਹਿਤ ਸੋਇ।
ਖਾਵਹਿਂ ਲਾਭ ਸਦਨ ਲੇ ਜਾਇਂ।
ਸਉਦਾ ਕਰਹਿਂ ਬਨਕ ਸਮੁਦਾਇ ॥੧੭॥
ਸਭਿ ਕੋ ਸਾਦਰ ਤਹਾਂ ਬਸਾਵਹੁ।
ਨਿਰਧਨ ਕੋ ਧਨ ਦੇਹੁ ਬਿਠਾਵਹੁ।
ਸੁਧਿ ਕੋ ਲੇਹੁ ਫਿਰਹੁ ਥਲ ਸਾਰੇ।
ਥੁਰਜੋ ਨ ਰਹਿ, ਸਭਿ ਕਰਹੁ ਸੰਭਾਰੇ' ॥੧੮॥
ਇੱਤਜਾਦਿਕ ਕਾਰਜ ਜੇ ਔਰ।
ਸੌਂਪੇ ਸਭਿ ਸੋਢੀ ਸਿਰਮੌਰ।
ਨਿਜ ਨਿਜ ਕਾਰ ਕਰਨਿ ਕਉ ਲਾਗੇ।
ਦੇਤਿ ਤੁਰਤ ਜੋ ਚਹੀਅਹਿ ਮਾਂਗੇ ॥੧੯॥
ਨਿਜ ਪੁਰਿ ਤਜਿ ਤਜਿ ਨਰ ਗਨ ਆਏ।
ਦੇ ਕਰਿ ਧਨ ਸਨਮਾਨ ਬਿਠਾਏ।
ਦੇਖਿ ਸੁਭਿੱਖੀ ਖੱਤ੍ਰੀ ਤਬੈ।
ਪੁਰਿ ਬਸਿਬੇ ਕੋ ਉੱਦਮ ਸਬੈ ॥੨੦॥
ਚਲਜੋ ਹੁਕਮ ਨਾਮਾ ਲਿਖਵਾਇ।
ਲਵਪੁਰਿ ਨਿਜ ਘਰ ਪਹੁਂਚਜੋ ਜਾਇ।
ਸਭਿ ਸੰਗਤਿ ਕਰਿ ਕੈ ਇਕ ਥਾਈਂ।
ਸਤਿਗੁਰ ਮਰਜ਼ੀ ਤਬਹਿ ਸੁਨਾਈ ॥੨੧॥
'ਲਵਪੁਰਿ ਨਵੋਂ ਬਸਾਵਨਿ ਕਰਜੋ।
ਮੋਹਿ ਪ੍ਰਤੱਗਜਾ ਕੋ ਹਿਤ ਧਰਜੋ[1]।
ਚਲਹੁ ਸਕਲ ਹੀ ਤਿਸ ਥਲ ਮਾਂਹੂ।
ਰਚਹਿਂ ਸਮਾਜ ਅਨਿਕ ਬਿਧਿ ਬਜਾਹੂ

[1]ਨਗਰ ਨਗਰ ਦਾ ਮੁਖੀਆ।

[1]ਮੇਰੀ ਪ੍ਰਤੱਗਜਾ ਦੇ ਪੂਰਾ ਕਰਨ ਵਿਚ ਹਿਤ ਧਾਰਿਆ ਹੈ।

॥੨੨॥
ਭਲੇ ਭਾਗ ਅਪਨੇ ਕਰਿ ਲਖੋ।
ਗੁਰ ਢੁਕਾਉ ਕੇ ਕੌਤਕ ਪਿਖੋ।
ਹਮ ਹਿਤ ਨਗਰ ਨਵੋਂ ਬਸਵਾਯੋ।
ਅਨਿਕ ਉਪਾਇ ਠਾਨਿ ਧਨ ਲਾਯੋ
॥੨੩॥
ਸੁਨਿ ਸਤਿਗੁਰ ਕੇ ਚਰਿਤ ਅਨੰਦੇ।
ਲੇ ਲੇ ਆਪਨਿ ਦਰਬ ਬਿਲੰਦੇ।
ਸਕਟੇ ਬਹਿਲਨ ਕੋ ਜੁਰਵਾਇ।
ਸਦਨ ਸੌਜ ਸਗਰੀ ਲਦਵਾਇ ॥੨੪॥
ਲੋਕ ਹਜ਼ਾਰਹੁੰ ਲਵਪੁਰਿ ਕੇਰੇ।
ਗਵਨੇ ਲੀਨਿ ਸਮਾਜ ਘਨੇਰੇ।
ਬ੍ਰਿੰਦ ਕਾਮਨੀ[1] ਸਜੰਦਨ ਚਢੀ।
ਕੋ ਬਹਿਲਨ ਪਰ ਚੌਂਪਹਿ ਬਢੀ ॥੨੫॥
ਬਸਨ ਬਿਭੂਖਨ ਭੂਖਤਿ ਹੋਈ।
ਗੁਰ ਬਜਾਹਤਿ[1] ਮੁਦਤੇ ਸਭਿ ਕੋਈ।
ਸਨੇ ਸਨੇ ਸਭਿ ਮਗ ਉਲੰਘਾਏ।
ਸਤੁੱਦ੍ਰਵ ਉਤਰਿ ਅਨੰਦਪੁਰਿ ਆਏ
॥੨੬॥
ਜਿਹ ਠਾਂ ਲਵਪੁਰਿ ਗੁਰੂ ਬਸਾਯੋ।
ਪਹੁੰਚੇ ਤਹਾਂ ਸਮਾਜ ਟਿਕਾਯੋ।
ਕਰਜੋ ਖਰੀਦਨ ਘ੍ਰਿਤ ਮਿਸ਼ਟਾਨ।
ਲੀਨੋ ਨੀਕੋ ਅੰਨ ਮਹਾਨ ॥੨੭॥
ਮੇਵੇ ਬ੍ਰਿੰਦ ਮੋਲ ਲੇ ਧਰੇ।
ਬਾਸਨ[1] ਬਡੇ ਲਜਾਇਬੋ ਕਰੇ।
ਸੂਖਮ ਚਾਵਰ ਚਾਰੁ ਲੰਮੇਰੇ।
ਦੇ ਕਰਿ ਦਰਬ ਲੀਨਿ ਬਹੁਤੇਰੇ ॥੨੮॥
ਅੰਬਰ, ਪਸ਼ਮੰਬਰ, ਪਾਟੰਬਰ।
ਕਰੇ ਖਰੀਦਨਿ ਜੇ ਪਿਖਤੰਬਰ[1]।
ਦੀਹ ਕਰਾਹੇ ਦਏ ਧਰਾਇ।
ਅਨਿਕ ਭਾਂਤਿ ਪਕਵਾਨ ਬਨਾਇ
॥੨੯॥

[1]ਇਸਤ੍ਰੀਆਂ।

[1]ਵਿਵਾਹ ਕਰਕੇ।

[1]ਬਰਤਨ।

[1]ਜੋ ਸ੍ਰੇਸ਼ਟ ਦੇਖੀਦੇ ਹਨ। [ਪਿਖਤੰ+ਬਰ]।

ਮੋਦਕ ਕਰਤਿ ਮੋਦ[1] ਬਨਵਾਏ। [1]ਲਡੂ ਆਨੰਦ ਦੇਣ ਵਾਲੇ।
ਅਧਿਕ ਸਿਤਾ[1] ਕੋ ਬੀਚ ਮਿਲਾਏ। [1]ਖੰਡ।
ਦਾਖ, ਬਿਦਾਮਨ, ਗਰੀ ਸਬਾਈ।
ਕਰਿ ਕਰਿ ਤਜਾਰ ਧਰੇ ਸਮੁਦਾਈ ॥੩੦॥
ਨਾਗਰ ਨਾਰਿ ਮਿਲੀ ਗਨ ਆਇ।
ਭਾਂਤਿ ਭਾਂਤਿ ਕੇ ਗੀਤਨਿ ਗਾਇ।
ਕਿਤਿਕ ਢੋਲਕੀ ਕਰਹਿਂ ਬਜਾਵਨਿ।
ਨਾਚਹਿ ਮਾਚਹਿਂ ਰਾਚਹਿਂ ਚਾਵਨ[1] ॥੩੧॥ [1]ਉਤਸਾਹ ਵਿਚ ਰਚਦੀਆਂ ਹਨ।
ਗਨ ਨਗਰਨਿ ਕੇ ਬਹੁ ਹਲਵਾਈ।
ਭਾਂਤਿ ਭਾਂਤਿ ਕੀ ਕਰਤਿ ਮਿਠਾਈ।
ਬਡੇ ਜਲੇਬ ਪਕਾਵਨਿ ਕਰੈਂ।
ਆਛੀ ਰੀਤਿ ਸੁਧਾਰਤਿ ਧਰੈਂ ॥੩੨॥
ਨੁਗਦੀ, ਘੇਵਰ ਕੇ ਸਮੁਦਾਇ।
ਕਰਿ ਰਾਖੇ ਅੰਬਾਰ ਲਗਾਇ।
ਬਰੇ ਪਕੌਰੇ ਦਧੀ ਮਿਲਾਏ।
ਜੀਰਕ[1], ਧਨੀਆਂ, ਮਿਰਚਨਿ ਪਾਏ ॥੩੩॥ [1]ਜੀਰਾ।
ਦਧਿ ਮਹਿਂ ਅਧਿਕ ਸਾਵਗੀ ਪਾਈ।
ਬਨਜੋ ਰਾਇਤਾ[1] ਜੁਤਿ ਸਮੁਦਾਈ। [1]ਸਾਵਗੀ ਦਾ ਰਾਇਤਾ ਅਕਸਰ ਮਿੱਠਾ ਹੁੰਦਾ ਹੈ।
ਇੱਤਜਾਦਿਕ ਪਕਵਾਨ ਪਕਾਏ।
ਮਧੁਰ ਸਨਿਗਧ ਸ੍ਵਾਦ ਕਰਿਵਾਏ ॥੩੪॥
ਪਰਜੋ ਬਜ਼ਾਰ ਹੋਤਿ ਬਿਵਹਾਰ।
ਕਰਹਿਂ ਖਰੀਦਨਿ ਵਸਤੁ ਉਦਾਰ।
ਖਾਨ ਪਾਨ ਕੇ ਕਾਰਨ ਕੋਈ।
ਚੂਨ ਘ੍ਰਿੱਤ ਆਦਿਕ ਲੇ ਸੋਈ ॥੩੫॥
ਕੇਤਿਕ ਬਸਤ੍ਰ ਪਹਿਰਿਬੇ ਹੇਤੁ।
ਲੇਤਿ ਅਨੂਠੇ[1] ਧਨ ਕੋ ਦੇਤਿ। [1]ਅਜੀਬ (ਬਸਤ੍ਰ)।
ਗੁਰੂ ਬਾਕ ਕੇ ਬਨਜ ਉਦਾਰ।
ਲੇਨਿ ਦੇਨਿ ਠਾਨਤਿ ਬਿਵਹਾਰ ॥੩੬॥
ਗੁਰੂ ਬਰਾਤ ਸਮੇਤ ਉਤਰਿਬੇ।

ਬ੍ਰਿੰਦ ਛਾਪਰਨਿ ਛਾਵਨਿ ਕਰਿਬੇ।
ਤਪਤ ਬਿਦਾਰਨ[1] ਸੰਘਣੀ ਛਾਯਾ।
ਅਨਿਕ ਜਤਨ ਤੇ ਚਾਰੁ ਬਨਾਯਾ ॥੩੭॥
ਬਨੀ ਬੈਠਕਾਂ ਸੀਤਲ ਥਾਨ।
ਖਸ ਕੀ ਟਾਟੀ[1] ਲਾਇ ਮਹਾਨ।
ਕਰਤਿ ਕਾਰ ਕੋ ਪੁੰਜ ਪਹਾਰੀ।
ਸੰਧਜਾ ਕੋ ਸਭਿ ਪਾਇੰ ਦਿਹਾਰੀ ॥੩੮॥
ਗੁਰ ਕੋ ਲਵਪੁਰਿ ਬਸੜੋ ਮਹਾਨਾ।
ਜਹਿਂ ਕਹਿਂ ਲੇ ਬੈਠੇ ਧਨ ਧਾਨਾ।
ਭੀਰ ਬਜ਼ਾਰ ਬਿਖੈ ਬਹੁ ਹੋਈ।
ਬਜਾਹ ਪ੍ਰਤੀਖਤਿ ਭੇ ਸਭਿ ਕੋਈ ॥੩੯॥
ਨਰ ਨਾਰਿਨਿ ਕੇ ਅਤਿ ਚਿਤ ਚਾਊ।
ਪਿਖਿਨਿ ਬਰਾਤ ਨਰਨਿ ਸਮੁਦਾਊ।
ਕਹਜੋ ਨ ਜਾਇ ਕਰੀ ਬਹੁ ਤਜਾਰੀ।
ਭਯੋ ਬਾਸ ਤਹਿਂ ਆਨੰਦ ਭਾਰੀ ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਬਜਾਹ ਪ੍ਰਸੰਗ ਲਵਪੁਰ ਬਸਾਵਨ' ਬਰਨਨੰ ਦਸਮੋ ਅੰਸੂ ॥੧੦॥

[1]ਗਰਮੀ ਦੂਰ ਕਰਨ ਲਈ।

[1]ਖਸ ਦੀਆਂ ਟੱਟੀਆਂ।

੧੧. [ਵਜਾਹ ਪ੍ਰਸੰਗ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਇਤਿ ਸਤਿਗੁਰ ਸਭਿ ਰੀਤਿ ਕਰਿ, ਜੁਗ ਮਾਤਨਿ ਹਰਖਾਇ।
ਕਰੀ ਬਜਾਹ ਤਜਾਰੀ ਸਕਲ, ਚਹੀਅਤਿ ਸੋ ਅਨਵਾਇ ॥੧॥

ਚੌਪਈ:

ਤਬਹਿ ਸੁਭਿਖੀਏ ਸ਼ਗਨ ਪਠਾਯੋ।
ਦਿਜ ਨਾਊ ਤਬਿ ਲੈ ਕਰਿ ਆਯੋ।
ਭਲੇ ਸਦਨ ਕਰਿਵਾਯਹੁ ਡੇਰਾ।
ਖਾਨ ਪਾਨ ਪੀਠ ਸ੍ਵਾਦ ਬਡੇਰਾ ॥੨॥
ਸ਼੍ਰੀ ਗੁਜਰੀ ਸੁਨਿ ਮੰਗਲ ਠਾਨਾ।
ਕਰਜੋ ਹਕਾਰਨਿ ਗਣਕ[1] ਸੁਜਾਨਾ। [1]ਜੋਤਸ਼ੀ।
'ਸ੍ਰੇਸ਼ਟ ਸਮਾਂ ਬਿਚਾਰ ਬਤਾਵਹੁ[†]।

[†]ਸਾਹਾ ਸੁਧਾਉਣਾ ਆਦਿ ਗੁਰੂ ਘਰ ਵਿਚ ਵਿਹਤ ਨਹੀਂ ਦੇਖੋ ਰਾਸ ੪ ਅੰਸੂ ੭ ਅੰਕ ੨੪ ਤੇ ਰਾਸ ੭ ਅੰਸੂ ੧ ਅੰਕ ੩੨ ਦੀਆਂ ਹੇਠਲੀਆਂ ਟੂਕਾਂ। ਫਿਰ ਏਥੇ ਹੀ ਦੇਖੋ ਕਿ ਅਗਲੀ ਤੁਕ ਵਿਚ ਜੋਤਸ਼ੀ ਗੁਰੂ ਜੀ ਨੂੰ ਮੰਗਲ ਮੂਲ ਵਿਘਨ ਬਿਨਾਸੀ ਤੇ ਸਾਰੇ ਦੇਵਤੇ ਉਹਨਾਂ ਦੇ ਅਧੀਨ ਦੱਸ ਰਿਹਾ ਹੈ।

ਮਮ ਸੁਤ ਮਸਤਕ ਤਿਲਕ ਕਢਾਵਹੁ' ॥੩॥
'ਪ੍ਰਾਤਿ ਪੰਚਮੀ' ਬਿੱਪ੍ਰ ਉਚਾਰੀ।
'ਕੀਜਹਿ ਮਾਤਾ ਸਗਰੀ ਤਜਾਰੀ।
ਤੁਮਰੋ ਨੰਦਨ ਮੰਗਲ ਮੂਲ।
ਸਕਲ ਗੀਰਬਾਨ ਅਨਕੂਲ[1] ॥੪॥ [1]ਦੇਵੇਤ (ਗੁਰੂ ਜੀ ਦੇ) ਅਨੁਸਾਰੀ ਹਨ।
ਨਾਮ ਗੁਰੂ ਕੋ ਬਿਘਨ ਬਿਨਾਸ਼ੀ।
ਪੂਰਨ ਹੋਤਿ ਮਨੋਰਥ ਰਾਸੀ[1]।' [1]ਸਾਰੇ।
ਸੁਨਿ ਗੁਜਰੀ ਮਨ ਹਰਖ ਨ ਥੋਰਾ।
ਭੇਜੀ ਸੁਧਿ ਸਭਿਹਿਨਿ ਕੀ ਓਰਾ ॥੫॥
ਕੀਰਤਪੁਰਿ ਤੇ ਸਕਲ ਹਕਾਰੀ।
ਮਿਲੀ ਅਨੇਕ ਨਗਰ ਕੀ ਨਾਰੀ।
ਬਾਦਿਤ ਅਨਿਕ ਰੀਤਿ ਬਜਵਾਏ।
ਗੁਰੂ ਪੌਰ ਕੇ ਅੱਗ੍ਰ ਸੁਹਾਏ ॥੬॥
ਨਿਸ ਮਹਿਂ ਮਿਲਹਿਂ ਚਾਰੁ ਗਨ ਨਾਰੀ।
ਇਕ ਨਾਚਤਿ ਹੈਂ ਦੇ ਕਰਿ ਤਾਰੀ।
ਸ਼੍ਰੀ ਗੁਜਰੀ ਸਭਿ ਕੋ ਸਨਮਾਨੈ।

ਮੁਖ ਤੇ ਕੋਮਲ ਬਾਤ ਬਖਾਨੈ ॥੭॥
ਆਜ ਦਿਵਸ ਪਰ ਮੈਂ ਬਲਿਹਾਰੀ।
ਸੁਤ ਸ਼ਾਦੀ ਹਿਤ ਹਰਖਤਿ ਨਾਰੀ।'
ਤਬਿ ਅਨਵਾਇ ਘਨੋ ਮਿਸ਼ਟਾਨਾ।
ਬੰਟਵਾਇਸਿ ਕਰਿ ਅਨੰਦ ਮਹਾਨਾ ॥੮॥
ਭਈ ਪ੍ਰਾਤਿ ਪੁਨਿ ਹਿਤ ਸਭਿ ਹੀ ਕਾ।
ਉਮਗਤਿ ਭਯੋ ਹਰਖ ਸਭਿ ਜੀ ਕਾ[1][†]।
[1]ਸਾਰਿਆਂ ਦੇ ਦਿਲ ਦਾ ਪ੍ਰੇਮ ਉਛਲਿਆ। [†]ਪਾ:-ਹੀ ਕਾ।
ਨਾਰਿ ਸੁਹਾਗਣ ਬ੍ਰਿੰਦ ਹਕਾਰੀ।
ਬਸਨ ਬਿਭੂਖਨ ਸੁੰਦਰ ਧਾਰੀ ॥੯॥
ਮੰਗਲ ਸੂਲ ਧਰਾਇਸਿ ਢੋਲੂ[1]।
[1]ਰਖਵਾਇਆ ਢੋਲ।
ਬਾਜਨਿ ਲਗਜੋ ਗਾਇ ਸੁਠ ਬੋਲੂ।
ਲਘੁ ਨਿਸ਼ਾਨ ਅਰੁ ਬਜੀ ਨਫੀਰੈਂ।
ਪਹਿਰੇ ਚੀਰ ਨਵੀਨ ਸਰੀਰੈ ॥੧੦॥
ਕੋਕਿਲ ਕੰਠੀ ਮਿਲਿ ਮਿਲਿ ਟੋਲੀ।
ਉਮਗਤਿ ਅਨੰਦ ਬਧਾਈ ਬੋਲੀ।
ਮਾਨਿ ਸੌਗੁਨੀ ਸੀਸ ਚਢਾਵਤਿ[1]।
[1]ਸੌ ਗੁਣੀ (ਵਧਾਈ) ਮੰਨ ਕੇ ਸਿਰ ਮੱਥੇ ਤੇ ਧਰਦੀ ਹੈ।
ਗੁਜਰੀ ਅਨੰਦ ਕਹਜੋ ਨਹਿਂ ਜਾਵਤਿ ॥੧੧॥
ਬਾਦਿਤ ਬਜਤਿ ਸ਼੍ਰਵਣਿ ਸਭਿ ਪੂਰਾ[1]।
[1]ਕੰਨ ਭਰ ਗਏ।
ਜਹਿਂ ਕਹਿਂ ਉਤਸਵ ਮਾਚਤਿ ਰੂਰਾ।
ਸੂਖਮ ਬਸਤ੍ਰ ਕੁਸੰਭੀ ਬਰਨ[1]।
[1]ਸੂਹੇ ਰੰਗ ਦੇ।
ਪਹਿਰਨਿ ਕਰੇ ਚਾਰੁ ਆਭਰਨ[1] ॥੧੨॥
[1]ਸੁਹਣੇ ਗਹਿਣੇ।
ਮਧੁਰ ਬਚਨ ਤੇ ਚੰਪਕ ਬਰਨੀ[1]।
[1]ਚੰਪਕ ਦੇ ਰੰਗ ਵਾਲੀਆਂ।
ਗਾਰੀ ਦੇਤਿ ਮਿਲੀ ਗਨ ਤਰੁਨੀ[1]।
[1]ਇਸਤ੍ਰੀਆਂ।
ਪੁਨ ਗੁਜਰੀ ਨਿਜ ਪੁੱਤ੍ਰ ਹਕਾਰਾ।
ਬ੍ਰਿੱਪ੍ਰ ਜਾਇ ਸਭਿ ਭੇਵ ਉਚਾਰਾ ॥੧੩॥
ਲੇ ਕਰਿ ਸੰਗੋ ਸੰਗ ਕ੍ਰਿਪਾਲ[1]।
[1]ਮਾਮਾ ਕ੍ਰਿਪਾਲ ਜੀ।
ਆਏ ਮਾਤ ਸਮੀਪ ਕ੍ਰਿਪਾਲੁ[1]।
[1]ਭਾਵ ਗੁਰੂ ਜੀ।
ਚੌਕੀ ਚੰਦਨ ਚਾਰੁ ਡਸਾਈ।
ਕਹਿ ਤਿਸ ਪਰ ਗੁਰ ਦੀਨਿ ਬਿਠਾਈ ॥੧੪॥
੧੮. [ਸਿੱਖ ਰੀਛ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:

ਸ੍ਰੀ ਸਤਿਗੁਰ ਸਰਬੱਗ ਸਭਿ, ਧੀਰ, ਕ੍ਰਿੱਤਗ[1] ਬਿਸਾਲ।

[1]ਤੇ) ਕੀਤੇ (ਉਪਕਾਰ) ਨੂੰ ਜਾਨਣ ਵਾਲੇ।

ਕਰਤਿ ਅਨੰਦ ਪੁਰਿ ਮਹਿਂ ਅਨੰਦ, ਦਰਸਹਿਂ ਦਰਸ਼ਨ ਜਾਲ[†] ॥੧॥

[†]ਦਰਸਹਿ ਦਾਸ ਨਿਹਾਲ।

ਚੌਪਈ:

ਸਹਿਜ ਸੁਭਾਇਕ ਗੁਰ ਸਰਬੱਗ।
ਸ਼ੋਭਤਿ ਬੈਠੇ ਹੁਤੇ ਕ੍ਰਿਤੱਗ।
ਈਖਦ[1] ਸਿੱਖ ਪਾਸ ਪਰਵਾਰਤਿ। — [1]ਥੋੜੇ ਜਿਹੇ।
ਚਹੁਂ ਓਰ ਚਾਮਰ ਬਰ ਢਾਰਤਿ[1] ॥੨॥ — [1]ਝੁੱਲਦਾ ਹੈ।
ਮਹਾਂ ਪ੍ਰਕਾਸ਼ਤਿ ਬੁੱਧਿ ਬਿਲੰਦ।
ਜਨ ਤਾਰਨਿ ਮਹਿਂ ਪੂਰਨ ਚੰਦ।
ਪਦਮਪੱਤ੍ਰ ਸੀ ਆਂਖ ਬਿਸਾਲੀ।
ਡੋਰੇ ਸਹਿਤ ਅੰਤ ਮਹਿਂ ਲਾਲੀ[1] ॥੩॥ — [1]ਨੇਤ੍ਰਾਂ ਦੇ ਕੋਨੇ ਵਲ ਡੋਰੇ ਦੀ ਲਾਲੀ ਹੈ, (ਕਮਲ ਪੱਤੀ ਦੇ ਲਾਲ ਡੋਰੇ) ਨਾਲ ਉਪਮਾ ਦੇ ਰਹੇ ਹਨ।
ਤੀਛਨ ਹੈਂ ਕਟਾਖ੍ਯ ਬਡ ਈਛਨ[1]। — [1]ਨੇਤ੍ਰਾਂ ਦੇ।
ਚੰਚਲ ਜਨੁ ਖੰਜਨ ਦੇ ਸੀਛਨ[1]। — [1]ਮਾਨੋਂ ਮਮੋਲੇ ਨੂੰ ਦੇਂਦੇ ਹਨ ਸਿੱਖਿਆ।
ਮਹਾਂ ਉਦਾਰ ਮੁਕਤਿ ਲੌ ਦੇਤਿ।
ਹੇਰਤਿ ਦਾਸਨਿ ਦੁਖ ਹਰਿ ਲੇਤਿ ॥੪॥
ਕਿਤਿਕ ਕਾਲ ਜਬਿ ਬੈਹਿ ਬਿਤਾਯੋ।
ਲੇ ਇਕ ਰੀਛ ਕਲੰਦਰ ਆਯੋ।
ਮਹਾਂਬਲੀ ਬਡ ਦੇਹ ਅਕਾਰਾ।
ਕੈਧੌਂ ਜਾਮਵੰਤ ਦੇਹ ਧਾਰਾ ॥੫॥
ਸਭਿ ਅੰਗਨਿ ਪਰ ਬਾਲ ਬਿਸਾਲਾ।
ਭੂਰ ਬਰਨ[1] ਨਖ ਭੂਰ ਕਰਾਲਾ। — [1]ਭੂਰਾ ਰੰਗਾ।
ਫੋਰਿ ਨਾਸਕਾ ਰੱਜੂ ਪਾਈ।
ਚਰਮ ਕਲੰਦਰ ਤਨ ਲਪਟਾਈ[1] ॥੬॥ — [1]ਤਨ ਨੂੰ ਕਲੰਦਰ ਨੇ ਚਮੜਾ ਲਪੇਟਿਆ ਹੈ।
ਲਕੁਟੀ ਹਾਥ ਡਰਾਵਨਿ ਕਾਰਨ।
ਜਬਹਿ ਦਿਖਾਇ ਕਰਹਿ ਭਭਕਾਰਨ।
ਸ੍ਰੀ ਸਤਿਗੁਰ ਕੀ ਦ੍ਰਿਸ਼ਟਿ ਅਗਾਰੀ।
ਲਗਜੋ ਦਿਖਾਵਨਿ ਤਿਹ ਬਲ ਭਾਰੀ

॥ ੭ ॥
ਕੁਸ਼ਤੀ ਲਗੇ ਕਰਨਿ ਬਲ ਧਰੇ।
ਕਬਿ ਊਪਰ ਹੋਵਹਿਂ ਕਬਿ ਤਰੇ।
ਇਤ ਉਤ ਫਿਰਤ ਬੀਚ ਮੈਦਾਨ।
ਬਡੇ ਸ਼ਬਦ ਕੋ ਕਰਤਿ ਭਯਾਨ ॥ ੮ ॥
ਦੁਹਿ ਪਗ ਪਰ ਭਾਲਕ[1] ਹੁਇ ਖਰੋ। [1]ਰਿੱਛ।
ਆਪਸ ਬਿਖੈ ਅੰਕ ਲੈ ਭਰੋ[1]। [1]ਜੱਫੀ ਪਾਈ।
ਇਸ ਪ੍ਰਕਾਰ ਬਹੁ ਘੋਲ ਦਿਖਾਯੋ।
ਸਿੱਖਜ ਬਿਲੋਕਤਿ ਕਹਤਿ ਸੁਨਾਯੋ ॥ ੯ ॥
'ਇਸ ਭਾਲਕ ਕੋ ਬਡੋ ਅਕਾਰਾ।
ਨਹਿਂ ਅਸ ਪੂਰਬ ਕਬਹਿ ਨਿਹਾਰਾ।'
ਚਮਰਦਾਰ ਕੀਰਤੀਆ ਨਾਮ।
ਠਾਂਢੋ ਚੌਰ ਕਰਤਿ ਅਭਿਰਾਮ ॥ ੧੦ ॥
ਖੋੜਸ ਬਰਸ ਆਰਬਲ ਜਾਂਹਿ।
ਭਾਲਕ ਪਿਖਤਿ ਹਰਖ ਉਰ ਮਾਂਹਿ।
ਕਹਤਿ ਭਯੋ 'ਦੀਰਘ ਇਸ ਦੇਹਿ।
ਕਿਮ ਗਹਿ ਲੀਨਸਿ ਇਹ ਦੁਖ ਦੇਹ[1]? [1]ਇਸ ਦੁਖ ਦੇਣ ਵਾਲੇ ਨੂੰ।
॥ ੧੧ ॥
ਕੋ ਅਘ ਕਰਿ ਐਸੀ ਗਤਿ ਹੋਈ?
ਸ਼੍ਰੀ ਸਤਿਗੁਰ ਬਿਨ ਲਖੈ ਨ ਕੋਈ।'
ਸਭਿ ਸਿੱਖਨ ਮਹਿਂ ਕਰੁਨਾ ਸਾਗਰ।
ਤਬਿ ਮੁਸਕਾਵਤਿ ਕਹ੍ਯੋ ਉਜਾਗਰ
॥ ੧੨ ॥
'ਭੋ ਕੀਰਤੀਆ! ਉਰ ਲਖਿ ਆਪ।
ਪ੍ਰਥਮ ਜਨਮ ਮਹਿਂ ਇਹ ਤੁਵ ਬਾਪ।
ਅਘ ਬਡ, ਭਾਲਕ ਦੇਹ ਭਯੋ ਹੈ।
ਗਹ੍ਯੋ ਇਨਹੁ ਕੇ ਬਸੀ ਥਿਯੋ ਹੈ' ॥ ੧੩ ॥
ਕੀਰਤੀਆ ਸਮੇਤ ਸਿਖ ਤਹਾਂ[1]। [1]ਕੀਰਤੀਏ ਨੇ ਉਥੇ (ਹਾਜ਼ਰ) ਸਿੱਖਾਂ ਸਣੇ।
ਮਾਨਹੁ ਸੁਨਤਿ ਅਚੰਭਾ ਮਹਾਂ।
ਹਾਥ ਜੋਰਿ ਕਰਿ ਬਿਨੈ ਸੁਨਾਈ।
'ਸ਼੍ਰੀ ਸਤਿਗੁਰ ਇਹ ਕਹਾਂ ਅਲਾਈ?
॥ ੧੪ ॥

ਪਿਤਾ ਆਪ ਕੇ ਪਾਸ ਸਦੀਵ।
ਮਮ ਪਿਤ ਰਹ੍ਯੋ ਸੇਵ ਕਰਿ ਥੀਵ[1]।
ਸੰਗਤਿ ਕੀ ਅਰਦਾਸ ਕਰੰਤਾ।
ਜੋ ਪ੍ਰਸ਼ਾਦਿ ਹੁਇ ਸੋ ਬਰਤੰਤਾ ॥੧੫॥
ਰਹਤਿ ਹਜ਼ੂਰ ਕਰਤਿ ਨਿਤ ਸੇਵਾ।
ਨੌਮੇ ਪਾਤਿਸ਼ਾਹ ਗੁਰਦੇਵਾ।
ਕਰ੍ਯੋ ਹਜ਼ਾਰਨਿ ਕੋ ਕਲਜਾਨਾ।
ਤਿਨ ਕੋ ਸੇਵਤਿ ਰਹ੍ਯੋ ਮਹਾਨਾ ॥੧੬॥
ਜੇ ਤਿਸ ਕੋ ਐਸੇ ਫਲ ਭਯੋ।
ਮਾਨੁਖ ਤਨ ਤੇ ਭਾਲਕ ਥਿਯੋ।
ਤਿਸ ਗੁਰ ਕੇ ਸਪੂਤ ਹੋ ਆਪ।
ਸੇਵਤਿ ਹੁਤੋ ਜਿਨਹੁ ਮਮ ਬਾਪ ॥੧੭॥
ਸੋ ਭਾਲਕ ਤਨ ਭਾ ਇਮ ਭਨ੍ਯੋ।
ਮੁਝ ਕੋ ਬੰਦਰ ਚਹੀਯਤਿ ਬਨ੍ਯੋ।
ਰਾਵਰ ਕੀ ਸੇਵਾ ਫਲ ਐਸੇ।
ਮਾਨੁਖ ਲਖਹਿਂ ਕਰਹਿਂ ਤਬਿ ਕੈਸੇ ॥੧੮॥
ਉੱਤਮ ਪਦ ਮੁਕਤੀ ਲੌਂ ਜਾਇ।
ਚਾਹਤਿ ਨਰ ਸੋ ਸੇਵਕ ਹੋਇ।
ਜੇ ਪ੍ਰਾਪਤਿ ਹੁਇ ਫਲ ਬਿਪ੍ਰੀਤ।
ਨਹਿਂ ਸੇਵਹਿਂ ਤੁਮ ਕੋ ਡਰ ਚੀਤ ॥੧੯॥
ਸਿੱਖਨ ਗਨ ਤੇ ਆਸ਼੍ਰੇ ਅਹੋ।
ਕੋ ਕਾਰਨ ਭਾ? ਸ਼੍ਰੀ ਗੁਰ! ਕਹੋ।
ਸਿਖ ਗੁਰਦਾਸ ਨਾਮ ਇਸ ਕੇਰ[1]।
ਰਾਖਹੁ ਜਹਿਂ ਕਹਿਂ ਲਾਜ ਘਨੇਰ ॥੨੦॥
ਯਾਂ ਤੇ ਕਰੁਨਾ ਕਰਹੁ ਸੁਨਾਵਹੁ।
ਪੁਨਹਿਂ ਜੂਨਿ ਦੁਖ ਤੇ ਛੁਟਵਾਵਹੁ।
ਆਸ਼ੈ ਸਭਿ ਸਿੱਖਨ ਕੋ ਔਰ ਨ।
ਤੁਮ ਬਿਨ ਸ਼੍ਰੇਯ ਪਾਇ ਕਿਤ ਠੌਰ ਨ' ॥੨੧॥
ਸ਼੍ਰੀ ਸਤਿਗੁਰ ਤਬਿ ਸਰਬ ਸੁਨਾਈ।
'ਤੋਹਿ ਪਿਤਾ ਇਮ ਜੂਨੀ ਪਾਈ।

[1]ਸੇਵਾ ਕਰਦਾ ਹੈ ਸੀ।

[1]ਸਿੱਖ ਬੀ ਸੀ ਤੇ ਨਾਮ ਬੀ ਇਸ (ਮੇਰੇ ਪਿਤਾ ਦਾ) ਗੁਰਦਾਸ ਸੀ।

ਪੰਚਾਂਮ੍ਰਿਤ ਆਯੋ ਗੁਰ ਪਾਸਾ।
ਤੁਵ ਪਿਤ ਨੇ ਕਰਿ ਕੈ ਅਰਦਾਸਾ ॥੨੨॥
ਬਰਤਾਵਨਿ ਲਗਿ ਸੰਗਤਿ ਮਾਂਹੀ।
ਸਨੇ ਸਨੇ ਦੇਤੇ ਸਭਿ ਪਾਹੀ।
ਗੁੜ ਲਾਦੇ ਗਾਡੇ ਮਹਿਂ ਕੋਇ[1]। [1]ਕੋਈ (ਸਿੱਖ)।
ਤਹਿਂ ਮਾਰਗ ਆਯੋ ਚਲਿ ਸੋਇ ॥੨੩॥
ਗੁਰ ਉਤਰੇ ਸੁਨਿ ਕੈ ਸਿਖ ਕਾਨ।
ਇਕ ਭੇਲੀ ਲੇ ਕਰਿ ਨਿਜ ਪਾਨ।
ਧਰਿ ਆਗੈ ਦਰਸ਼ਨ ਗੁਰੁ ਕਰਜੋ।
ਨਮੋ ਕਰਤਿ ਅਵਨੀ ਸਿਰ ਧਰਜੋ ॥੨੪॥
ਪੁਨ ਉਠਿ ਚਲਜੋ ਸੰਭਾਰਨਿ ਗਾਡੇ।
ਮਾਰਗ ਚਲਿਤੇ ਆਇ ਜੁ ਛਾਡੇ[1]। [1](ਜਿਨ੍ਹਾਂ ਨੂੰ) ਰਾਹ ਤੁਰਦੇ ਛੱਡ ਆਯਾ ਸੀ।
ਤੁਵ ਪਿਤ ਤਬਿ ਪ੍ਰਸ਼ਾਦ ਬਰਤਾਵੈ।
ਸੋ ਸਿਖ ਤਿਹ ਢਿਗ ਗਾ ਉਤਲਾਵੈ ॥੨੫॥
ਧੂਰ ਪੰਥ ਕੀ ਜਿਸ ਪਰ ਪਰੀ।
ਬਦਨ ਸ਼ਮਸ਼ ਧੂਸਰ[1] ਸਭਿ ਕਰੀ। [1]ਦਾੜ੍ਹੀ ਮਿੱਟੀ ਵਰਗੀ।
ਬਸਤ੍ਰਨਿ ਪਰ ਜਿਸ ਕੇ ਰਜ ਛਾਈ।
ਸਕਟ ਚੱਕ੍ਰ ਪਗ ਬ੍ਰਿਖਭ ਉਡਾਈ[1] ॥੨੬॥ [1]ਗੱਡੇ ਦੇ ਪਹੀਏ ਤੇ ਬੈਲਾਂ ਦੇ ਪੈਰਾਂ ਨੇ ਜੋ (ਧੂੜ) ਉਡਾਈ ਸੀ।
ਤੋਹਿ ਪਿਤਾ ਤੇ ਜਾਚਨਿ ਕਰਜੋ।
ਨਹੀਂ ਕਛੁ ਤਿਸ ਕੇ ਕਰ ਧਰਜੋ।
ਪੁਨਹਿ ਨਿਕਟਿ ਹੁਇ ਮਾਂਗਜੋ ਕੁਨਕਾ।
ਜਿਸ ਕੇ ਗਾਢੋ ਸਿਦਕ ਸੁ ਮਨ ਕਾ ॥੨੭॥
ਮੁਖ ਪਾਵਨ ਤੇ ਪਾਵਨ[1] ਹੋਈ। [1]ਪਵਿੱਤ੍ਰ।
ਉਤਕੰਠਤਿ[1] ਯਾਂ ਤੇ ਬਹੁ ਸੋਈ। [1]ਕਾਹਲਾ ਪੈ ਰਿਹਾ ਸੀ।
ਤੁਵ ਪਿਤ ਨੇ ਕਰਿ ਕ੍ਰੋਧ ਘਨੇਰਾ।
ਝਿਰਕਨ ਕੀਨਿ ਸਿੱਖ ਤਿਸ ਬੇਰਾ ॥੨੮॥
-ਰੀਛ ਬੇਸ ਕਰਿਕੇ ਮਤਿ ਮੂੜ੍ਹਾ।
ਕਜੋਂ ਸਭਿ ਪਰ ਤੂੰ ਹੋਤਿ ਅਰੂੜ੍ਹਾ।

ਪਰੇ ਰਹੌ ਠਾਂਢੋ, ਕਸੋਂ ਆਵਹਿਂ।
ਬਹੁ ਬੋਲਤਿ ਕਸੋਂ ਰੌਰ ਮਚਾਵਹਿਂ-
॥੨੯॥
ਇਮ ਸੁਨਿ ਕੈ ਸਿਖ ਹੁਇ ਮਨ ਭੰਗ।
ਅਵਨੀ ਹੇਰਤਿ ਬ੍ਰੀੜਾ[1] ਸੰਗ।
ਲਘੁ ਕਨ ਪਰਯੋ[1] ਉਠਾਯੋ ਛਿਤ ਤੇ।
ਆਨਨ ਮਹਿਂ ਪਾਯੋ ਗੁਰ ਹਿਤ ਤੇ
॥੩੦॥
ਵਾਹਿਗੁਰੂ ਕੋ ਸਿਮਰਨ ਕਰਿ ਕੈ।
ਤੁਵ ਪਿਤ ਕੋ ਦਿਯ ਸ੍ਰਾਪ ਉਚਰਿ ਕੈ।
-ਗੁਰ ਸਿੱਖੀ ਕੋ ਲੇਸ਼ ਨ ਤੋਹਿ।
ਅਬਹਿ ਸਰੀਰ ਰੀਛ ਕੋ ਹੋਹਿ- ॥੩੧॥
[1]ਗਯੋ ਉਤਾਇਲ ਸਕਟੇ ਮਿਲਯੋ।
ਕਰੇ ਸਾਥ, ਸੋ ਆਗੇ ਚਲਯੋ[੫]।
ਕੇਤਿਕ ਦਿਨ ਬੀਤੇ ਪਿਤ ਤੋਹਿ।
ਬਯ ਪੂਰਨ ਤੇ ਮ੍ਰਿਤੁ ਬਸਿ ਹੋਹਿ ॥੩੨॥
ਅਮੁਕੇ ਪਰਬਤ ਭਾਲਕ ਭਯੋ।
ਹੁਤੋ ਅਲਪ ਹੀ ਇਨ ਗਹਿ ਲਯੋ।
ਸਿਖ ਕੋ ਸ੍ਰਾਪ ਨਿਫਲ ਕਸੋਂ ਜਾਏ।
[†]ਜਿਨ ਕੇ ਚਿਤ ਗੁਰ ਚਰਨ ਟਿਕਾਏ[‡]'
॥੩੩॥

[1]ਲੱਜਾ।
[1]ਕੜਾਹ ਪ੍ਰਸ਼ਾਦ ਦਾ) ਨਿੱਕਾ ਕਿਣਕਾ ਪਿਆ ਸੀ।
[1]ਛੇਤੀ ਨਾਲ ਗਿਆ ਤੇ ਗਡਿਆਂ ਨੂੰ ਜਾ ਮਿਲਿਆ, (ਗੱਡੇ) ਨਾਲੋ ਨਾਲ ਕਰਕੇ ਉਹ ਅਗਾਂਹ ਨੂੰ ਚਲਾ ਗਿਆ।

[†]ਪਾ:-ਜਾਚਤਿ ਗੁਰ ਪ੍ਰਸ਼ਾਦਿ ਸ਼ਰਧਾਏ। [‡]ਗਡੇ ਵਾਲਾ ਸਿੱਖ ਸਿਦਕਵਾਨ 'ਧਯਾਨ ਸਿੱਧ' ਸਿੱਖ ਸੀ। ਉਸ ਵਿਚ ਏਕਾਗ੍ਰਤਾ ਦਾ ਕਮਾਲ ਸੀ ਤੇ ਵਾਕ ਸੱਤਾ ਏਕਾਗ੍ਰ ਚਿੱਤਾਂ ਵਿਚ ਹੁੰਦੀ ਹੀ ਹੈ। 'ਪ੍ਰਭ ਜੀ ਬਸਹਿ ਸਾਧ ਕੀ ਰਸਨਾ'। ਪ੍ਰਸ਼ਾਦ ਵਰਤਾਉਣ ਵਾਲਾ ਸੇਵਾ ਤਾਂ ਕਰਦਾ ਸੀ ਪਰ 'ਧਯਾਨ ਸਿੱਧ' ਪੁਰਖ ਨਹੀਂ ਸੀ ਤੇ ਤਮੋਗੁਣੀ ਬ੍ਰਿਤੀ ਵਿਚ ਸੀ, ਤੇ ਉਸ ਨੇ ਨਾਹਕ ਧਯਾਨ-ਲੀਨ ਸਿੱਖ ਦਾ ਮਨ ਭੰਗ ਕਰਨ ਦਾ ਦੂਸ਼ਨ ਕਮਾਇਆ। ਕਵਿ ਜੀ ਦਾ ਆਸ਼ਾ ਇਹ ਜਪਾਦਾ ਸੀ ਕਿ ਸੇਵ ਕਰਨ ਵਾਲਿਆਂ ਦਾ ਚਿੰਤ ਨਿੰਮ੍ਰਤਾ ਤੇ ਸ਼ਰਧਾ ਵਿੱਚ ਚਾਹੀਏ ਤਾਂ ਸੇਵਾ ਸਫਲ ਹੁੰਦੀ ਹੈ। ਸੇਵਾ ਕਰਦਿਆਂ ਜੋ ਮਨ ਵਿਚ ਹੰਕਾਰ ਉਪਜਣ ਦੇਣਾ ਹੈ ਸੋ ਸੇਵਾ ਦਾ ਫਲ ਪ੍ਰਾਪਤ ਨਹੀਂ ਹੋਣ ਦੇਂਦਾ।

ਸੁਨਤਿ ਅਚੰਭੋ ਮਾਨਯੋਂ ਸਭਿਹੂੰ।
ਹਾਥ ਜੋਰਿ ਤਿਹ ਸੁਤ ਕਹਿ ਤਬਿ ਹੂੰ।
'ਰਾਵਰ ਭਨੀ ਬਾਤ ਸਭਿ ਨੀਕੀ।
ਅਬਿ ਗਤਿ ਕਰੀਏ ਨਿਜ ਸਿਖ ਹੀ ਕੀ
॥੩੪॥
ਪਤਿਤ ਪਾਵਨੋ ਨਾਮ ਤੁਮਾਰਾ।

ਦੋਸ਼ ਅਨੇਕ ਬਿਦਾਰਨਿ ਹਾਰਾ।
ਕ੍ਰਿਪਾ ਦ੍ਰਿਸ਼ਟਿ ਤੇ ਜੂਨ ਛੁਟਾਵੋ।
ਅਬਿ ਉੱਤਮ ਗਤਿ ਕੋ ਪਹੁੰਚਾਵੋ'
॥ ੩੫ ॥
ਤਬਿ ਕ੍ਰਿਪਾਲ ਨੇ ਇਕ ਸਿਖ ਭੇਜਾ।
'ਲੇਹੁ ਮੋਲ ਕੋ ਭਾਲਕ ਦੇ ਜਾ।'
ਸੁਨਤਿ ਕਲੰਦਰ ਨੇ ਤਬਿ ਕਹਯੋ।
'ਇਹ ਸਮ ਰੀਛ ਅਪਰ ਨਹਿਂ ਲਹਯੋ
॥ ੩੬ ॥
ਇਸ ਕੇ ਸਾਥ ਕਮਾਈ ਮੇਰੀ।
ਲੇਹੁਂ ਪੁਰਿਨਿ[1][†] ਤੇ ਭਿੱਛ ਘਨੇਰੀ।

[1]ਸ਼ਹਿਰਾਂ ਤੋਂ। [†]ਪਾ:-ਘਰਨਿ।

ਮੋਹਿ ਰਜਤਪਨ ਦੋ ਸੈ ਦੇਹੁ।
ਤੌ ਭਾਲਕ ਕੋ ਰਾਵਰ ਲੇਹੁ' ॥ ੩੭ ॥
'ਏਤੇ ਹੀ ਦਿਹੁ' ਸਤਿਗੁਰ ਕਹੈਂ।
ਸੇਵਕ ਗਯੋ ਕੋਸ਼ ਜਹਿਂ ਅਹੈ।
ਲੇ ਕਰਿ ਗਯੋ ਦੇਨਿ ਤਿਸ ਪਾਹੀ।
ਫਿਰਜੋ[1] ਕਲੰਦਰ, ਲੇ ਤਬਿ ਨਾਂਹੀ
॥ ੩੮ ॥

[1]ਆਪਣੇ ਬਚਨ ਤੋਂ) ਫਿਰ ਗਿਆ।

'ਕਹਤਿ ਭਯੋ ਮੈ ਲੇਉਂ ਘਨੇਰੇ।'
ਹਟਿ ਸਿਖ ਭਾਖਯੋ ਗੁਰੂ ਅਗੇਰੇ।
'ਨਹਿ ਅਬਿ ਲੇਤਿ ਕਹੈ ਕੁਛ ਔਰਾ।
ਕਰਯੋ ਮੋਲ ਨਹਿਂ ਮਾਨਹਿਂ ਬੌਰਾ' ॥ ੩੯ ॥
ਤਬਿ ਗੁਰ ਭਨਯੋਂ 'ਲੇਹੁ ਤਿਸ ਛੀਨ।'
ਸੁਨਿ ਸਿੱਖਨਿ ਉਠਿ ਤੈਸੇ ਕੀਨਿ।
ਆਨਿ ਹਜ਼ੂਰ ਖਰੋ ਕਰਿ ਦੀਨਿ।
ਇਕ ਸਥਾਨ ਬੰਧਾਵਨ ਕੀਨਿ ॥ ੪੦ ॥
ਦਯੋਸ ਬਿਤੀਤਯੋ ਜਾਮਨਿ[1] ਛਾਵਾ।

[1]ਰਾਤ।

ਭਈ ਪ੍ਰਾਤਿ ਸਤਿਗੁਰ ਫੁਰਮਾਵਾ।
'ਸੌ ਕੋ ਪੰਚਾਂਮ੍ਰਿਤ ਕਰਿਵਾਵਹੁ।
ਸੁਚ ਸੋਂ ਸ਼ੀਘ੍ਰ ਕਰਹੁ ਲੈ ਆਵਹੁ' ॥ ੪੧ ॥
ਰੁਚਿਰ ਬਨਾਯੋ ਆਨਯੋਂ ਪਾਸ।
ਖਰੇ ਹੋਇ ਕੀਨਸਿ ਅਰਦਾਸ।

ਸ਼੍ਰੀ ਸਤਿਗੁਰ ਲੈ ਕੇ ਨਿਜ ਪਾਨ।
ਪੰਚਾਂਮ੍ਰਿਤ ਈਖਦ[1] ਕਰਿ ਖਾਨ ॥੪੨॥
ਸੀਤ ਪ੍ਰਸਾਦਿ ਰੀਛ ਕੋ ਦਯੋ।
ਜਬਿ ਮੁਖ ਮਹਿਂ ਸੋ ਪਾਵਤਿ ਭਯੋ।
ਗਯੋ ਉਦਰ ਮਹਿਂ ਤਤਛਿਨ ਮਰਜੋ।
ਸ੍ਰਾਪ ਪਾਪ ਸਭਿ ਹੀ ਪਰਹਰਜੋ ॥੪੩॥
ਉਤਮ ਗਤਿ ਕੋ ਪ੍ਰਾਪਤਿ ਹੋਵਾ।
ਸਿੱਖਨ ਸਭਿਨਿ ਅਚੰਭੋ ਜੋਵਾ।
'ਧੰਨ ਧੰਨ ਸਤਿਗੁਰਹਿ' ਬਖਾਨਹਿਂ।
'ਅਪਨੀ ਗਤਿ ਤੁਮ ਆਪੇ ਜਾਨਹਿਂ[†]' ॥੪੪॥

[1]ਥੋੜਾ।

[†]ਇਸ ਸਾਖੀ ਵਿਚ ਉਪਦੇਸ਼ ਇਹ ਹੈ ਕਿ ਕ੍ਰੋਧ ਵਸ ਹੋਕੇ ਸਿਖ ਨੂੰ ਕਿਸੇ ਗੁਰਮੁਖ ਦਾ ਨਿਰਾਦਰ ਨਹੀਂ ਕਰਨਾ ਚਾਹੀਏ।

ਇਤਿ ਸ਼੍ਰੀ ਗੁਰ ਪ੍ਰਾਤਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸਿੱਖ ਰੀਛ' ਪ੍ਰਸੰਗ ਬਰਨਨੰ ਨਾਮ ਅਸ਼ਟਦਸ਼ਮੋ ਅੰਸੂ ॥੧੮॥

੧੯. [ਗੁਰੂ ਜੀ ਦੀ ਵੀਰ ਰਸੀ ਨਿੱਤ ਕ੍ਰਿਯਾ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਗੋਵਿੰਦ ਸਿੰਘ ਸੁਜਾਨ।
ਬਲ ਜੁਤਿ ਵਧਹਿ ਸਰੀਰ ਬਡ, ਕਰਹਿਂ ਨਰਨਿ ਕਲਜਾਨ ॥੧॥

ਚੌਪਈ:

ਆਯੁਧ ਬਿੱਦਜਾ ਕਹੁ ਅੱਭਜਾਸਹਿਂ।
ਅਪਰ ਸਕਲ ਹੀ ਗੇਰਹਿਂ ਪਾਸਹਿ।
ਵਹਿਰ ਜਾਇ ਧਰਿਵਾਇੰ ਨਿਸ਼ਾਨਾ।
ਕਰਹਿਂ ਚਲਾਵਨਿ ਧਨੁ ਤੇ ਬਾਨਾ ॥੨॥
ਥਿਰ ਬੀਰਾਸਨ ਹੋਇ ਚਲਾਵਹਿਂ।
ਕਬਿ ਠਾਂਢੇ ਹਤਿ ਲੱਛ ਗਿਰਾਵਹਿਂ।
ਕਬਹੁਂ ਕੁਵਾਦਾ[1] ਐਂਚਨਿ ਕਰਹਿਂ।
ਜਿਮ ਭੁਜਦੰਡ ਅਧਿਕ ਬਲ ਧਰਹਿਂ ॥੩॥

[1]ਕਮਾਨ ਜੋ ਕਰੜੀ ਨਾ ਹੋਵੇ, ਕਸਰਤ ਕਰਨ ਵਾਲੀ ਕਮਾਣ।

ਸੁਨਹਿਂ ਪਿਤਾਮੇ ਕੀ[1] ਵਡਿਆਈ।
ਪਰੇ ਜੰਗ ਬਡ ਭਟ ਸਮੁਦਾਈ।
ਦੀਹ ਕਠੋਰ ਸਰਾਸਨ ਧਾਰਹਿਂ।
ਸ਼ੱਤ੍ਰੂ ਅਨੇਕਨਿ ਤੇ ਕਰਿ ਪਾਰਹਿਂ[1] ॥੪॥

[1]ਭਾਵ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦੀ।

[1]ਪਾਰ ਕਰ ਦਿੰਦੇ ਸਨ।

ਕੰਕ ਪੰਖ ਲਗਿ ਮੋਟਿਯ ਕਾਨਾ।
ਖਪਰੇਮੁਖੀ[1], ਬਡੇ ਕਰਿ ਬਾਨਾ।
ਜਿਨ ਕੇ ਆਗੇ ਅਰਜੋ ਨ ਕੋਈ।
ਕਈ ਬਾਰ ਬਡ ਸੰਘਰ ਹੋਈ ॥੫॥

[1]ਤੀਰ ਚੌੜੇ ਫਲ ਵਾਲੇ।

ਸੁਨਹਿਂ ਚੌਪ ਚਿਤ ਅਧਿਕ ਵਧਾਵਹਿ।
ਕਾਰੀਗਰਨਿ ਹਜ਼ੂਰ ਬੁਲਾਵਹਿਂ।
ਦੇ ਦੇ ਸੀਖ ਘਰਾਵਹਿਂ ਖਪਰੇ।
ਇਸੀ ਰੀਤਿ ਗਨ ਆਯੁਧ ਅਪਰੇ ॥੬॥
ਸੇਲੇ[1], ਸਾਂਗਨ, ਭਾਲੇ ਭਲੇ[2]।
ਕਾਰੀਗਰ ਲੇ ਲੇ ਗਨ ਮਿਲੇ।
ਹੇਰਿ ਹੇਰਿ ਸ਼ਸਤ੍ਰਨ ਹਰਖਾਵੈ।
ਬਖਸ਼ਸ਼ ਧਨ ਕੀ ਅਧਿਕ ਦਿਵਾਵੈਂ ॥੭॥
ਸੁਨਿ ਸੁਨਿ ਜਸੁ ਆਵਹਿ ਨਰ ਘਨੇ।

[1]ਨੇਜੇ। [2]ਚੰਗੇ।

ਆਯੁਧ ਅਰਪਤਿ ਹੈਂ ਅਨਗਿਨੇ।
ਬੀਰ ਸਮੀਪੀ[1] ਬਖਸ਼ਨ ਕਰੈਂ।
ਗਹੇ[1] ਸੁ ਹਰਖ ਰਿਦੇ ਬਹੁ ਧਰੈਂ ॥੮॥
ਕਾਰੀਗਰਨਿ ਟਿਕਾਵਹਿਂ ਬ੍ਰਿੰਦੇ।
ਘਰਹਿਂ ਅਨੇਕ ਬਿਧਾਨ ਬਿਲੰਦੇ।
ਦਿਨਪ੍ਰਤਿ ਹੀ ਸਮਾਜ ਬਿਰਧਾਵਹਿਂ।
ਰਾਖਹਿਂ ਚਾਕਰ ਜੇ ਢਿਗ ਆਵਹਿਂ ॥੯॥
ਕਿਤਿਕ ਦੇਗ ਤੇ ਅਚਹਿਂ ਅਹਾਰਾ।
ਕਿਤਿਕ ਰਸਤ ਲੇ ਕਰਹਿਂ ਗੁਜ਼ਾਰਾ।
ਧਨ ਕੀ ਦੇਤਿ ਨੌਕਰੀ ਤਿਨੈ।
ਜੇ ਨਿਤ ਰਹਿਤਿ ਬੀਰ ਰਸ ਸਨੈ ॥੧੦॥
ਹਯਨਿ ਅਰੂਢਹਿਂ ਵਹਿਰ ਸਿਧਾਰਹਿਂ।
ਬ੍ਰਿਤ ਅਖੇਰ ਕਰਹਿਂ ਮੁਦ ਧਾਰਹਿਂ।
ਮ੍ਰਿਗਨ ਧਵਾਇ ਥਕਾਵਹਿਂ ਜਬੈ।
ਘੇਰਿ ਘੇਰਿ ਸਰ ਮਾਰਹਿਂ ਤਬੈ ॥੧੧॥
ਕੋ ਤੁਫੰਗ ਕੋ ਛੋਰਤਿ ਹਨੇ।
ਸੀਖਹਿਂ ਸ਼ਸਤ੍ਰ ਪ੍ਰਹਾਰਨਿ ਘਨੇ।
ਕੋ ਕ੍ਰਿਪਾਨ ਤੇ ਕਰਹਿ ਸੰਘਾਰਨ।
ਕੋ ਤੋਮਰ ਭ੍ਰਮਾਇ ਪਰਹਾਰਨਿ ॥੧੨॥
ਸ਼ਿਕਰੇ, ਜੁਰਰੇ, ਬਾਜ ਰੁ ਸ੍ਵਾਨ।
ਇਨ ਤੇ ਕਰਹਿਂ ਅਖੇਰ ਮਹਾਨ।
ਹਯ ਅਰੂਢਿਬੇ ਬਿੱਦਜਾ ਫੇਰਨਿ[1]।
ਅਧਿਕ ਧਵਾਵਹਿਂ, ਫਾਂਧਹਿਂ ਪ੍ਰੇਰਨ[1] ॥੧੩॥
ਛਾਲ ਬਿਸਾਲ ਅਲਪ ਕਰਿਵਾਵਹਿਂ।
ਬਾਗਨ[1] ਕੇ ਅਨੁਸਾਰ ਭ੍ਰਮਾਵਹਿਂ।
ਕਰਹਿਂ ਕੁੰਡਲਾਕਾਰ ਬਿਸਾਲੇ।
ਪਲਟਹਿਂ ਤੁਰਤ ਫੁਰਤ ਕਰ ਨਾਲੇ ॥੧੪॥
ਪੁਨਹਿ ਅਟੇਰਨ ਕੀ ਬਿਧਿ ਪ੍ਰੇਰਨ[1]।
ਹੇਤੁ ਚਲਾਕੀ ਫਿਰ ਫਿਰ ਫੇਰਨਿ।
ਦਿਨ ਪ੍ਰਤਿ ਬਹੁ ਬਿਲਾਸ ਗੁਰ ਕਰੈਂ।

[1]ਗੁਰੂ ਜੀ) ਨੇੜੇ ਬੈਠੇ ਬੀਰਾਂ ਨੂੰ।
[1]ਬੀਰ) ਲੈਕੇ (ਸ਼ਸਤ੍ਰ)।
[1]ਘੋੜੇ ਦੇ) ਫੇਰਨ ਦੀ ਵਿਦਯਾ।
[1]ਛਾਲ ਮਰਵਾਉਣੀ।
[1]ਵਾਗਾਂ ਦੇ।
[1]ਸੂਤ ਦੇ ਅਟੇਰਨ ਵਾਂਗ। ਘੋੜੇ ਨੂੰ ਪ੍ਰੇਰਦੇ ਹਨ।

ਪਿਖਿ ਸਿਖ ਸੰਗਤਿ ਇਮ ਉਰ ਧਰੈਂ ॥੧੫॥
-ਰੀਤਿ ਪਿਤਾਮੇ ਕੀ ਉਰਧਾਰੀ।
ਬਿਧਿ ਸੰਘਰ ਕੀ ਸਕਲ ਸੰਭਾਰੀ।
ਇਹ ਘਾਲਹਿਂ ਸ਼ੱਤ੍ਰਨਿ ਘਮਸਾਨੇ।
ਆਯੁਧ ਬਿੱਦਜਾ ਮਹਿਂ ਸਵਧਾਨੇ ॥੧੬॥
ਜਥਾ ਚਰਿੱਤ੍ਰ ਤਿਨਹੁਂ ਕੇ ਸੁਨੇ।
ਤਥਾ ਇਨਹੁਂ ਮੈਂ ਪਈਯਤਿ ਘਨੇ।
ਕ੍ਰਾਂਤਿਮਾਨ ਬਡ ਰੂਪ ਪ੍ਰਕਾਸ਼ਹਿ।
ਹੁਇ ਪ੍ਰਸੰਨ ਬਖਸ਼ਤਿ ਸੁਖਰਾਸਹਿ ॥੧੭॥
ਜਿਨ ਕੀ ਰੀਝ ਖੀਝ ਬਿਨ ਮੋਘੂ[1]।

[1]ਕ੍ਰਿਪਾਲਤਾ ਤੇ ਗੁਸਾ ਖਾਲੀ ਨਹੀਂ ਜਾਂਦੇ, ਭਾਵ ਕਿਸੇ ਤੇ ਰੀਝਣਾ ਤੇ ਖੀਝਣਾ ਸੁਖ ਤੇ ਦੁਖ ਦਾ ਅਸਰ ਕਰ ਜਾਂਦਾ ਹੈ।

ਨਾਸਹਿਂ ਬਿਘਨ ਅਘਨ ਕੇ ਓਘੂ[1]-।

[1]ਸਮੂਹ ਪਾਪਾਂ ਦੇ ਵਿਘਨ।

ਆਇ ਦੂਰ ਤੇ ਦਰਸ਼ਨ ਕਰਹਿਂ।
ਪੁਨ ਘਰ ਬਿਖੈ ਧਜਾਨ ਨਿਤ ਧਰਹਿਂ ॥੧੮॥
ਗੁਰ ਮੂਰਤ ਸੂਰਤ ਬਰ ਚਾਰੂ।
ਬਰਨੌਂ ਮੈਂ ਅਬਿ ਤਿਸੀ ਪ੍ਰਕਾਰੂ।
ਜੇ ਸਿਖ ਸੁਨਿ ਸੁਨਿ ਕਰੈਂ ਧਜਾਨ।
ਚਾਰ ਪਦਾਰਥ ਪ੍ਰਾਪਤਿ ਪਾਨ ॥੧੯॥
ਪਦ ਅਰਬਿੰਦੈ ਮ੍ਰਿਦੁਲ ਮਨਿੰਦੇ[1][†]।

[1]ਕਮਲ ਵਰਗੇ ਕੋਮਲ। [†]ਪਾ:-ਮਲਿੰਦੇ।

ਅਰੁਣ ਬਰਣ ਤਿਨ ਚਰਣ[†] ਮੁਕੰਦੇ[1]।

[1]ਲਾਲ ਰੰਗ ਹੈ ਤਿਨ੍ਹਾਂ (ਗੁਰੂ ਜੀ ਦੇ) ਮੁਕਤੀ ਦਾਤੇ ਚਰਣਾਂ ਦਾ। [†]ਪਾ:-ਜਨ ਸ਼ਰਨ।

[1]ਜਿਨ ਸਿੱਖਨਿ ਕੇ ਮਨ ਅਨੁਰਾਗੇ।

[1]ਦੋਹਾਂ ਚਰਨਾਂ ਨੂੰ ਜੋ ਲਗੇ (ਸੋ ਮਨ) ਲਾਲ ਹੋ ਗਏ ਭਾਵ ਲਾਲ ਵਾਂਗ ਅਮੋਲਕ ਹੋ ਗਏ; ਅਥਵਾ ਕ੍ਰਿਤ ਕ੍ਰਿਤ ਹੋ ਗਏ।

ਭਏ ਲਾਲ ਲਾਗੇ ਜੁਗ ਪਾਗੇ[੬] ॥੨੦॥
ਨਖ ਸੁੰਦਰ ਸ਼ੋਭਤਿ ਇਮ ਖਰੇ।
ਜਨੁ ਲਾਲੀ ਪਰ ਹੀਰੇ ਧਰੇ।
ਏਡੀ ਕੋਮਲੁ ਬ੍ਰਤਲਾਕਾਰ[1]।

[1]ਗੋਲਾਕਾਰ।

ਜਨੁ ਫਲ ਕੋਹਰ[1] ਲਾਲ ਉਦਾਰ ॥੨੧॥

[1]ਕੌਂਹਰ = ਤੁਮੇਂ ਦੀ ਜਾਤੀ ਦਾ ਇਕ ਫਲ ਜੋ ਪੱਕ ਕੇ ਲਾਲ ਹੋ ਜਾਂਦਾ ਹੈ ਜਿਸ ਨੂੰ ਕਵਿ ਅੱਡੀ ਦੀ ਲਾਲੀ ਨਾਲ ਉਪਮਾ ਦਿਆ ਕਰਦੇ ਹਨ, ਯਥਾ ਬਿਹਾਰੀ:-ਕੌਂਹਰ ਸੀ

ਏਡੀਨ ਕੀ ਲਾਲੀ ਦੇਖ ਸੁਭਾਇ।

[1]ਤਰੁਵਾ ਬ੍ਰਿਛੇਤ ਉੂਰਧ ਐਸੇ।

[1]ਉਂਗਲੀਆਂ ਦੀ ਆਕ੍ਰਿਤੀ ਤੋਂ ਪੈਰ ਦੀ ਪਿਠ ਐਉਂ ਉਚੀ ਹੈ ਜਿਵੇਂ ਕਛੂ ਦੀ ਪਿਠ, (ਪਰ ਉਹ ਕਰੜੀ ਹੁੰਦੀ ਹੈ ਤੇ ਇਹ) ਕੋਮਲ ਹੈ। [ਤਰੁਵਾ = ਪੈਰ ਦੀ ਪਿਠ। ਸੰਸ. ਬ੍ਰਿਕਸ਼ = ਉਹ ਆਕ੍ਰਤੀ ਯਾ ਮਿਲਦੀ ਜੁਲਦੀ ਸ਼ਕਲ ਜੋ ਕਿਸੇ ਮੂਲ ਤੋਂ ਸ਼ਾਖਾਂ ਹੋਕੇ ਨਿਕਲੇ]। (ਅ) ਤਰੁਵਾ ਦਾ ਅਰਥ ਅਕਸਰ 'ਤਲੀ' ਲਗਿਆ ਕਰਦਾ ਹੈ, ਤਦ 'ਤਰੁਵਾ ਬ੍ਰਿਛ' ਦਾ ਅਰਥ 'ਤਲੀਆਂ ਨੂੰ ਢਕ ਲੈਣ ਵਾਲਾ ਥਾਂ' ਲੱਗ ਸਕਦਾ ਹੈ, ਮੁਰਾਦ ਉਹੋ ਹੋਈ = ਪੈਰ ਦੀ ਪਿੱਠ, ਜੋ ਐਉਂ ਉੱਚੀ ਹੈ ਜਿਵੇਂ ਕੱਛੂ ਦੀ ਪਿੱਠ ਹੁੰਦੀ ਹੈ।

ਕਮਠ ਪੀਠ ਹੁਇ ਕੋਮਲ ਜੈਸੇ[੯]।

ਸੁਮਿਲਿ ਆਂਗੁਰੀ ਸੁਧੀ ਸੋਹੈਂ[1]। — [1]ਮਿਲੀਆਂ ਹੋਈਆਂ ਉਂਗਲੀਆਂ ਸਿੱਧੀਆਂ (ਐਉਂ) ਸੋਹ ਰਹੀਆਂ ਹਨ।

ਦੁਤਿ ਪੱਲਵ ਕੀ ਜਿਨੁ ਮਨ ਮੋਹੈ[1] ॥੨੨॥ — [1]ਜਿਨ੍ਹਾਂ ਦੀ ਕਰੂੰਮਲੀਆਂ ਵਰਗੀ ਸੁੰਦਰਤਾ ਮਨ ਨੂੰ ਮੋਹ ਰਹੀ ਹੈ।

ਸੁਭਤਿ ਪਗਨਿ ਪਰ ਗੁਲਫ[1] ਉਚੇਰੇ। — [1]ਗਿੱਟੇ।

ਜਿਨ ਮੋ ਸ਼ੁਭ ਲੱਛਨ ਸਭਿ ਹੇਰੇ।

ਜੁਗਲ ਜੰਘ ਜਾਨੂ[1] ਦਿਢ ਹੋਏ। — [1]ਗੋਡੇ।

ਮਨਹੁੰ ਓਜ ਕੇ ਥੰਭ ਖਰੋਏ ॥੨੩॥

ਉਦਰ ਸ-ਤ੍ਰਿਵਲੀ[1] ਸੁੰਦਰ ਸੋਹਤਿ। — [1]ਪੇਟ ਤੇ ਤ੍ਰੈ ਵਲ ਦੀ ਰੇਖਾ।

ਨਾਭਿ ਗੰਭੀਰ ਦਿਪਤ ਚਿਤ ਮੋਹਿਤ।

ਬਾਹੁ ਅਜਾਨੁ ਸੁ ਅਰਲਾ ਮਾਨੋ[1]। — [1]ਬਾਹਵਾਂ ਗੋਡਿਆਂ ਤਕ ਅੱਲ ਵਰਗੀਆਂ ਭਾਵ ਗੋਲ ਤੇ ਲੰਮੀਆਂ ਹਨ [ਸੰਸ. ਅਰੁਲ, = ਅੱਲ, ਲੋਕੀ]।

ਸੁਭਤਿ ਕਰੀ ਕਰ ਬਲੀ ਮਹਾਨੋ[1] ॥੨੪॥ — [1]ਮਹਾਨ ਬਲੀ ਹਾਥੀ ਦੀ ਸੁੰਡ ਵਾਂਗ ਸ਼ੋਭਦੀਆਂ ਹਨ।

ਦਿਪਤ ਪ੍ਰਚੰਡ ਬਡੇ ਭੁਜਦੰਡੰ[1]। — [1]ਡੌਲੇ।

ਮਨਹੁ ਬੱਜ੍ਰ ਕੇ ਇਹ ਜੁਗ ਖੰਡੰ।

ਆਯੁਤ ਛਾਤੀ ਅਤਿਸ਼ੈ ਗਾਢੇ[1]। — [1]ਤਕੜੀ।

ਮਨਹੁੰ ਕਪਾਟ[1] ਕਠਨ ਰਿਪੁ[2] ਠਾਂਢੇ ॥੨੫॥ — [1]ਤਖਤੇ। [2]ਸ਼ੱਤ੍ਰੂਆਂ (ਲਈ)।

ਤੁੰਗ ਸਿਕੰਧਨ ਤੇ ਜੁਗ ਛੈਲੰ[1]। — [1]ਦੋਵੇਂ ਮੋਢੇ ਉੱਚੇ ਹੋਣ ਤੇ ਸੁੰਦਰ ਹਨ।

ਜਿਮ ਕ੍ਰਿਖਚਰ ਸੂਨੋ ਬਡ ਬੈਲੰ[1]। — [1]ਜਿਵੇਂ ਰਾਖੀ ਰਹਿਤ ਖੇਤੀ ਖਾਣ ਵਾਲੇ ਬੈਲ ਦਾ (ਮੋਢਾ) ਵੱਡਾ ਹੁੰਦਾ ਹੈ। [ਸ਼ੂਨ = ਖਾਲੀ, ਭਾਵ ਰਾਖੀ ਰਹਿਤ]। (ਅਬੈਲ ਦੀ ਸੁੰਨ ਤੋਂ ਬੀ ਭਾਵ ਬੈਲ ਦੀ ਬੰਨ੍ਹ ਲੈ ਲੈਂਦੇ ਹਨ। (ੲ) ਸ਼ੁਧ ਪਾਠ ਜਾਪਦਾ ਹੈ 'ਬੰਨ੍ਹ ਬੈਲ' = ਬੈਲ ਦਾ ਬੰਨ (ਮੋਢਾ, ਕੰਨਾਂ)।

ਮੁਕਤਾ ਮਾਲ ਬਿਸਾਲ ਉਜਾਲੀ।

ਗੋਲ ਮੋਲ ਬਡ ਕੇ ਦੁਤਿ ਸ਼ਾਲੀ[1] ॥੨੬॥ — [1]ਸ਼ੋਭਾ ਦਾ ਘਰ।

ਚਿਬਕ[1] ਚਾਰੁ ਚਹੁੰ ਗਿਰਦ ਸੁਹਾਵਤਿ। — [1]ਠੋਡੀ।

ਫਲ ਰਸਾਲ ਨੂਤਨ[1] ਜਨੁ ਭਾਵਤਿ। — [1]ਨਵਾਂ ਅੰਬ।
ਅਧਰ ਮ੍ਰਿਦੁਲ ਸ਼ੁਭ ਲਾਲ ਬਿਸਾਲਾ।
ਹੀਰਨਿ ਪੰਕਤਿ ਦੰਤ ਉਜਾਲਾ ॥੨੭॥
ਮੁਸਕਾਵਤਿ ਦਿਖੀਅਤਿ ਦਮਕਾਵਤਿ।
ਸੰਪਟ ਬਿੱਦ੍ਰਮ ਕਲੀ ਲਖਾਵਤਿ[1]। — [1]ਗੁੱਲੀਆਂ ਦੇ ਡਬੇ ਵਿਚ (ਦੰਦ) ਫੁਲਾਂ ਦੀਆਂ ਕਲੀਆਂ ਭਾਸਦੀਆਂ ਹਨ।
ਸੁੰਦਰ ਦੀਪਤ ਜੁਗਲ ਕਪੋਲੰ[1]। — [1]ਦੋਵੇਂ ਗੱਲ੍ਹਾਂ।
ਮੁਕਰ ਮਾਰ ਕੇ ਮਨਹੁਂ ਅਮੋਲੰ[1] ॥੨੮॥ — [1]ਮਾਨੋਂ ਕਾਮਦੇਵ ਦੇ ਅਮੋਲਕ ਸ਼ੀਸ਼ੇ ਹਨ।
ਤਿਨ ਪਰ ਕੁੰਡਲ ਡੋਲਤਿ ਝਲਕਤਿ।
ਰਤਨ ਜਵਾਹਰ ਤੇ ਬਰ ਡਲਕਤਿ।
ਮੁਖ ਮੰਡਲ ਜਨੁ ਚੰਦ ਅਖੰਡਤ[1]। — [1]ਜੋ ਘਟੇ ਵਧੇ ਨਾ। (ਅ) ਪੂਰਨਮਾਸ਼ੀ ਦਾ ਚੰਦ।
ਕਮਲ ਪ੍ਰਫੁੱਲਜਤ ਦੁਤਿ ਬਡ ਮੰਡਤਿ[1] ॥੨੯॥ — [1]ਧਾਰਦਾ ਹੈ।
ਮਧੁਰ ਮਧੁਰ ਘਨ ਧੁਨਿ[1] ਸ਼ੁਭ ਬਾਨੀ। — [1]ਬੱਦਲ ਦੀ ਧੁਨੀ ਵਾਂਙ।
ਨਿਜ ਦਾਸਨ ਕੋ ਅੰਮ੍ਰਿਤ ਦਾਨੀ[1]। — [1]ਅੰਮ੍ਰਤ ਦਾਨ ਕਰਨ ਵਾਲੀ।
ਕੈ ਦੁੰਦਭਿ ਸੁਰ ਸ਼ਬਦ ਗੰਭੀਰ।
ਬੋਲਤਿ ਮਹਾਂ ਭਰੇ ਰਸ ਬੀਰ ॥੩੦॥
ਕਮਲ ਪਾਂਖਰੀ ਚਾਰ ਸਰੀਖੀ[1]। — [1]ਸੁਹਣੇ ਕਮਲ ਤੁੱਲ ਸੁੰਦਰ।
ਆਂਖ ਬਡੀ ਜੁਗ[1] ਤੀਖੀ ਤੀਖੀ। — [1]ਦੋਵੇਂ।
ਕਰੁਨਾ ਭਰੇ ਕਟਾਛ[1] ਛਬੀਲੇ। — [1]ਮਟੱਕਾ।
ਪਲਟਤਿ[†] ਮੀਨ ਮਨਹੁਂ ਦੁਤਿ ਲੀਲੇ[1] ॥੩੧॥ — [1]ਮਾਨੋ ਮੱਛੀਆਂ ਸ਼ੋਭਾ ਨੂੰ ਨਿਗਲਨ ਲਈ ਪਲਟ ਰਹੀਆਂ ਹਨ। (ਅ) ਜੀਕੁਣ ਪਾਣੀ ਵਿਚ ਮੱਛੀਆਂ ਹਿਠਾਹਾਂ ਉਤਾਹਾਂ ਹੁੰਦੀਆਂ ਸ਼ੋਭਾ ਦਿੰਦੀਆਂ ਹਨ, ਕਟਾਛ ਉਸ ਸ਼ੋਭਾ ਨੂੰ ਭੀ ਨਿਗਲਣ ਵਾਲੇ ਹਨ। [†]ਪਾ:-ਪਲਟਤ।
ਚਮਕਤਿ ਅਨੀਦਾਰ ਬਿਨ ਆਂਜੇ[1]। — [1]ਬਿਨਾਂ ਸੁਰਮਾਂ ਪਾਏ ਦੇ ਅਣੀਦਾਰ (ਅੱਖੀਆਂ) ਚਮਕਦੀਆਂ ਹਨ।
ਜਨੁ ਕਟਾਰ ਕਾਰੀਗਰ ਮਾਂਜੇ।
ਜਗ ਮਹਿਂ ਨਰ ਨਾਰੀ ਅਸ ਕੋ ਹੈ।
ਅਤਿ ਕਠੋਰ, ਜਿਸ ਕੋ ਨਹਿਂ ਮੋਹੈਂ ॥੩੨॥
ਮਨਹੁਂ ਨਿਪੁਨਤਾ ਬਿਧਿ[1] ਉਪਜਾਈ। — [1]ਬਿਧਾਤਾ ਨੇ।
ਹੁਤੀ ਜਿਤਿਕ ਸਭਿ ਲਾਇ ਦਿਖਾਈ।
ਕ੍ਰਿਪਾ ਕਰਤਿ ਜਿਸ ਕੀ ਦਿਸ਼ਿ ਹੇਰਹਿਂ।

ਬਿਨ ਦਾਮਨ ਤਿਨ ਠਾਨਤਿ ਚੇਰਹਿਂ[1] ॥੩੩॥ — [1]ਬਿਨਾਂ ਮੁੱਲੋਂ ਦਾਸ ਬਣਾ ਲੈਂਦੇ ਹਨ।

ਅਤਿ ਸੁੰਦਰ ਸ਼ੋਭਤਿ ਗਰਬੀਲੇ[1]। — [1]ਗੌਰਵਤਾ ਵਾਲੇ।

ਰਸ ਕੋ ਬਰਸਤਿ[1] ਅਧਿਕ ਰਸੀਲੇ। — [1]ਰਸ ਬਰਸਾ ਰਹੇ ਹਨ।

ਮਨਹੁਂ ਲਾਜ ਕੇ ਭਰੇ ਜਹਾਜਾ।

ਚੰਚਲ ਮਹਾਂ ਦ੍ਰਿੰਗਚਲ ਸਾਜਾ[1] ॥੩੪॥ — [1]ਪਲਕਾਂ ਦੀ ਬਨਾਵਟ ਬੜੀ ਚੰਚਲ ਹੈ। [ਸੰਸ. ਦ੍ਰਿਗ+ਅੰਚਲ = ਪਲਕਾਂ]।

ਭ੍ਰਿਕੁਟੀ ਕੁਟਿਲ ਕਮਾਨ ਸਮਾਨਾਂ।

ਭਰਯੌ ਭਾਗ ਤੇ ਭਾਲ ਮਹਾਨਾ।

ਮੇਚਕ ਚਿੱਕ੍ਰਨ[1] ਕੇਸ ਅਸ਼ੇਸ਼[†]। — [1]ਕਾਲੇ ਤੇ ਚੀਕਣੇ। [†]ਇਥੇ ਸਪੱਸ਼ਟ ਸਾਬਤ ਹੋ ਰਿਹਾ ਹੈ ਕਿ ਗੁਰੂ ਸਾਹਿਬ ਅੰਮ੍ਰਿਤ ਮਿਰਯਾਦਾ ਤੋਂ ਪਹਿਲੇ ਬੀ ਕੇਸ਼ਾਧਾਰੀ ਸਨ।

ਸਿਰ ਉਸ਼ਨੀਕ[1] ਸੁਹਾਇ ਅਸ਼ੇਸ਼ ॥੩੫॥ — [1]ਦਸਤਾਰ।

ਕਲਗ਼ੀ ਜਿਗਾ ਜ਼ੇਬ ਜਿਨ ਜ਼ਾਹਰ[1]। — [1]ਸ਼ੋਭਾ ਜਿਨ੍ਹਾਂ ਦੀ ਪ੍ਰਗਟ ਹੈ।

ਜਬਰ ਹੋਤਿ ਜਗਮਗਤ ਜਵਾਹਰ।
ਸਰਬ ਬਿਭੂਖਨ ਭੂਕਤਿ ਭਾਰੇ।
ਲਾਗੇ ਮੋਲ ਬਿਸਾਲ ਸੁਧਾਰੇ ॥੩੬॥

ਕੰਚਨ ਕੇ ਕੰਕਨ ਖਚਿ ਹੀਰੇ[1]। — [1]ਹੀਰੇ ਜੜੇ ਸੋਨੇ ਦੇ ਕੜੇ।

ਜਰੇ ਰੁਚਿਰ ਕਾਰੀਗਰ ਚੀਰੇ।
ਨਵਰਤਨੇ ਇਸ ਭਾਂਤਿ ਸੁਹਾਏ।
ਨਵ ਗ੍ਰੈਹ ਮਨਹੁਂ ਭੁਜਾ ਲਪਟਾਏ ॥੩੭॥
ਬਰਣ ਬਰਣ ਬਰ ਬਸਤ੍ਰ ਹਮੇਸ਼ੰ।
ਪਹਿਰਤਿ ਰੀਤਿ ਨਵੀਨੀ ਬੇਸ਼ੰ।
ਛਾਪ ਛਲਾਯਨ ਤੇ ਛਬਿ ਛਾਜਤਿ।
ਗਰ ਮਹਿਂ ਖੜਗ ਬਿਸਾਲ ਬਿਰਾਜਤਿ ॥੩੮॥
ਧਨੁ ਬਿੱਦਜਾ ਅੱਭਜਾਸ ਕਰਾਵੈਂ।
ਕਹਿ ਕਹਿ ਖਪਰੇ ਤੀਰ ਘਰਾਵੈਂ।
ਧਰਿ ਧਰਿ ਮਾਰਹਿਂ ਦੂਰ ਨਿਸ਼ਾਨਾ।
ਬਡੇ ਬੇਗ ਤੇ ਛੂਟਹਿਂ ਬਾਨਾ ॥੩੯॥
ਚਾਂਪ ਕਠੋਰ ਕਹਤਿ ਬਨਿਵਾਵਹਿਂ।
ਬਡ ਬਲ ਕਰਿ ਜੋ ਐਂਚਯੋ ਜਾਵਹਿ।
ਸੰਬਤਿ ਏਕ ਬਿਤੇ ਪੁਨ ਕਹੈਂ।

ਧਨੁ ਦੁਗਨੋ ਦਿਢ ਕਰ ਮਹਿਂ ਗਹੈਂ
॥੪੦॥
ਜੰਗੀ ਤੀਰ ਪੁਲਾਦੀ ਖਪਰੇ।
ਕਹਿ ਕਹਿ ਬ੍ਰਿੰਦ ਕਰਾਵਹਿਂ ਅਪਰੇ।
ਹੇਰਿ ਹੇਰਿ ਤੀਖਨ ਬਡ ਤੀਰੰ।
ਸ਼੍ਰੀ ਗੋਵਿੰਦ ਸਿੰਘ ਗੁਨੀ ਗਹੀਰੰ ॥੪੧॥
-ਤੁਰਕ ਸ਼ਤ੍ਰੁ ਗਨ ਅੰਗ ਮਝਾਰੀ।
ਮਮ ਕਰ ਤੇ ਪ੍ਰਵਿਸ਼ਹਿਂ ਕਿਸ ਵਾਰੀ।
ਕਬਹੁਂ ਜੰਗ ਮਹਿਂ ਬਨਹਿਂ ਨਿਸ਼ੰਗਾ।
ਕਰੋਂ ਪ੍ਰਹਾਰਨਿ ਖਰਨ ਖਤੰਗਾ ॥੪੨॥
ਕਬਿ ਤੁਫੰਗ ਕੋ ਗਹੈਂ ਚਲਾਵੈਂ।
ਮਾਰ ਲੱਛ ਕੋ ਤਰੈ ਗਿਰਾਵੈਂ-।
ਇੱਤਜਾਦਿਕ ਆਯੁਧ ਅੱਭਜਾਸੀ।
ਦਿਨ ਪ੍ਰਤਿ ਸਤਿਗੁਰ ਕਰਤਿ ਬਿਲਾਸੀ
॥੪੩॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਗੁਰ ਸਰੂਪ ਬਰਨਨੰ' ਨਾਮ ਏਕ ਊਨ ਬਿੰਸਤੀ ਅੰਸੂ ॥੧੯॥

੨੦. [ਤੰਬੂ ਕਾਬਲੋਂ ਬਣਵਾਇਆ। ਦੂਜਾ ਵਿਵਾਹ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:

ਕਾਬਲ ਬਿਖੈ ਮਸੰਦ ਇਕ, ਸੰਗ੍ਰਹਿ ਗੁਰ ਕੀ ਕਾਰ।
ਸੰਮਤ ਮਹਿਂ ਸਭਿ ਆਨਿ ਕਰਿ, ਅਰਪਹਿ ਗੁਰ ਦਰਬਾਰ ॥੧॥

ਚੌਪਈ:

ਬਲਖ਼ ਬੁਖ਼ਾਰਾ ਅਰੁ ਈਰਾਨ।
ਇੱਤਜਾਦਿਕ ਜੇ ਦੇਸ਼ ਮਹਾਨ।
ਸਭਿ ਤੇ ਸੰਗ੍ਰਹ ਲੇ ਕਰਿ ਕਾਰ।
ਕਈ ਬਾਰ ਲ਼ਯਾਯੋ ਦਰਬਾਰ ॥੨॥
ਇਕ ਦਿਨ ਗੁਰ ਹਜ਼ੂਰ ਮਹਿਂ ਬੈਸੇ।
ਕਰਯੋ ਬ੍ਰਿਤਾਂਤ ਸੁਨਾਵਤਿ ਐਸੇ।
'ਪ੍ਰਭੁ ਜੀ ਪਸ਼ਮੰਬਰ ਕੇ ਡੇਰਾ[1]।
ਦਿੱਲੀ ਪਤਿ ਹਿਤ[1] ਬਨਯੋ ਬਡੇਰਾ ॥੩॥
ਕਾਬਲ ਮਹਿਂ ਕਾਰੀਗਰ ਕੀਨਾ।
ਕਾਰ ਅਜਾਇਬ ਜਿਸ ਮਹਿਂ ਚੀਨਾ।
ਹੇਰਿ ਬਿਸੂਰਤਿ ਮੈਂ ਉਰ ਲਹੌਂ।
-ਸ਼੍ਰੀ ਗੁਰ ਉਚਿਤ- ਬਿਚਾਰਤਿ ਰਹੌਂ ॥੪॥
ਸੋ ਪਠਿ ਦੀਨਿ ਦਿਲੀਪਤ ਪਾਸਾ।
ਪੁਨ ਕੀਨੀ ਮੈਂ ਮਨ ਮਹਿਂ ਆਸਾ।
-ਗੁਰੂ ਹੇਤੁ ਦੂਜੋ ਬਨਿਵਾਵਹੁਂ।
ਦਰਬ ਕਾਰ ਕੋ[1] ਸਰਬ ਲਗਾਵਹੁਂ- ॥੫॥
ਬਿਨਾ ਆਪ ਕੇ ਹੁਕਮ ਨ ਹੋਵਾ।
-ਨਹਿਂ ਬੂਝੇ[1]- ਇਹ ਸੰਸਾ ਜੋਵਾ।'
ਸੁਨਿ ਕਲਗ਼ੀਧਰ ਬਾਕ ਬਖਾਨਾ।
'ਅਬਿ ਕਾਬਲ ਕੋ ਕਰਹੁ ਪਯਾਨਾ ॥੬॥
ਜਿਸ ਬਿਧਿ ਕੋ ਹੋਯਸਿ ਬਰ ਡੇਰਾ[1]।
ਕਜਾ ਕਜਾ ਬਨਹਿ[1], ਕਹੋ ਇਕ ਬੇਰਾ।
ਪੁਨ ਤੈਂ ਜਾਇ ਤਯਾਰ ਕਰਿਵਾਵਹੁ।
ਮਨ ਭਾਵਤਿ ਧਨ ਤਾਂਹਿ ਲਗਾਵਹੁ' ॥੭॥
ਸੁਨਿ ਮਸੰਦ ਕਹਿ: 'ਪ੍ਰਭੋ ਮੁਕੰਦੰ!

[1]ਪਸ਼ਮੀਨੇ ਦਾ ਤੰਬੂ।
[1]ਨੁਰੰਗੇ ਵਾਸਤੇ।
[1]ਕਾਰ ਭੇਟ ਦਾ ਧਨ।
[1]ਪੁੱਛਿਆ ਨਹੀਂ ਸੀ।
[1]ਸ੍ਰੇਸ਼ਟ ਤੰਬੂ ਬਣਿਆ ਹੈ।
[1]ਉਸ ਵਿਚ) ਕੀ ਕੀ ਬਣਿਆ ਸੀ।

ਇਕ ਤੰਬੂ ਬਿਚ ਬਨਯੋ ਬਿਲੰਦੰ।
ਅਨਿਕ ਪ੍ਰਕਾਰ ਬੂਟ ਅਰੁ ਬੇਲਾਂ।
ਝਾਲਕ ਲਰੀ[†] ਲਰਕਤੀ ਗੇਲਾਂ[1] ॥ ੮ ॥

[1]ਨਾਲ, ਹੇਠਾਂ। [†]ਝਾਲਰ ਤੇ ਲੜੀਆਂ (ਅ) ਸ਼ੁੱਧ ਪਾਠ 'ਝਾਲਰ ਜ਼ਰੀ' ਅਸਲ ਵਿਚ ਹੋਸੀ, ਜੈਸਾ ਕਿ ਅੰਕ ੨੧ ਵਿਚ 'ਜ਼ਰੀ ਝਾਲਰ' ਆਇਆ ਸੀ। ਅੰਕ ੧੦ ਵਿਚ ਕਵੀ ਜੀ ਨੇ ਪਦ ਲਰੀ ਮੁਕਤਾ ਨਾਲ ਵਰਤਿਆ ਹੈ ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਏਥੇ ਪਾਠ 'ਝਾਲਰ ਜ਼ਰੀ' ਠੀਕ ਹੈ।

ਕਿਤ ਕਿਤ ਮੁਕਤਾ ਗੁੱਛ[1] ਲਗਾਏ।
ਰੇਸ਼ਮ ਕੀ ਡੋਰੈਂ ਤਨਵਾਏ।
ਕੰਚਨ ਕਲਸ ਉਤੰਗ ਸੁਹਾਏ।
ਤਨਯੋ ਸੁਢਰ ਚਹੁ ਕੁੰਟ ਬਨਾਏ[1] ॥ ੯ ॥

[1]ਮੋਤੀਆਂ ਦੇ ਗੁੱਛੇ।

[1]ਚਹੁੰ ਨੁੱਕਰਾਂ ਤੇ (ਕਲਸ) ਬਣਾਏ ਹਨ ਜਿਸ ਕਰਕੇ ਤਣਿਆਂ (ਤੰਬੂ) ਸਡੌਲ ਲਗਦਾ ਹੈ। (ਦੇਖੋ ਅੰਕ ੨੧)। (ਅ) ਚਾਰ ਕੋਣਾਂ ਬਣਾਏ ਜਾਣ ਕਰਕੇ ਤਣਿਆਂ ਸਡੌਲ ਲਗਦਾ ਹੈ।

ਵਹਿਰ ਚਾਨਨੀ ਚਾਰੁ ਚੁਕੋਨੀ।
ਮੁਕਤਾ ਲਰੀ ਲਗੀ ਤਿਨ ਲੋਨੀ[1]।
ਚੋਬ ਸੁ ਚਾਂਦੀ ਚਾਮੀਕਰ ਕੀ।
ਅਧਿਕ ਚਤੁਰਤਾ ਕਾਰੀਗਰ ਕੀ ॥ ੧੦ ॥

[1]ਸੁੰਦਰ।

ਅਬਿ ਰਾਵਰ ਕੀ ਆਇਸੁ ਭਈ।
ਸਹਿਤ ਕਨਾਤ ਜਥਾ ਪਿਖਿ ਲਈ।
ਤਥਾ ਕਰਾਵੌਂ ਦੇ ਕਰਿ ਦਰਬਾ।
ਕਹੌਂ ਕਹਾਂ, ਪਿਖਿ ਲੀਜਹਿ ਸਰਬਾ' ॥ ੧੧ ॥
ਗਮਨਯੋਂ ਮਨ ਭਾਵਤਿ ਸੁਨਿ ਗੁਰ ਤੇ।
ਪਹੁੰਚਯੋ ਕਾਬਲ ਹਰਖਤਿ ਉਰ ਤੇ।
ਪਰਾਰੰਭ[1] ਤਤਛਿਨ ਕਰਿਵਾਵਾ।
ਚਹੀਅਤਿ ਦਰਬ ਸਰਬ ਪਹੁੰਚਾਵਾ ॥ ੧੨ ॥

[1]ਤੰਬੂ ਬਣਾਉਣਾ) ਸ਼ੁਰੂ ਕਰਵਾਇਆ।

ਸਭਿ ਦੇਸ਼ਨਿ ਤੇ ਗੁਰ ਕੀ ਕਾਰ।
ਲੇ ਲੇ ਦਈ ਕਰਨਿ ਕੌ ਤਜਾਰ।
ਬਾਰ ਬਾਰ ਕਹਿ ਕਰੀ ਤਗੀਦ।
'ਜਿਮ ਤੁਰਕੇਸ਼ੁਰ ਨਿਕਟ ਰਸੀਦ[1] ॥ ੧੩ ॥
ਤਿਸ ਤੇ ਆਛੋ ਦੇਹੁ ਬਨਾਇ।

[1]ਪਹੁੰਚਾਇਆ ਹੈ [ਫ਼ਾ. ਰਸੀਦਨ = ਪਹੁੰਚਣਾ]।

ਗੁਰ ਘਰ ਧਨ ਕੀ ਤੋਟ ਨ ਕਾਇ।'
ਇਮ ਬਨਵਾਵਤਿ ਭਾ ਬਹੁ ਕਾਲ।
ਅਤਿ ਸੁੰਦਰ ਸਭਿ ਕਰਜੋ ਬਿਸਾਲ
॥੧੪॥
ਆਛੀ ਰੀਤਿ ਸਕਲ ਬਨਵਾਯਹੁ।
ਚਹੀਅਤਿ ਜੇਤਿਕ ਦਰਬ ਲਗਾਯਹੁ।
ਸਵਾਲਾਖ ਇਕ ਸੰਮਤ ਕੇਰਾ।
ਲੇਤਿ ਬਟੋਰਨ ਧਨ, ਕਰਿ ਫੇਰਾ[1] ॥੧੫॥ [1]ਫੇਰਾ ਮਾਰ ਕੇ।
ਦ੍ਵੈ ਸੰਮਤ ਕੀ ਜੋ ਗੁਰ ਕਾਰ[1]। [1]ਜੋ ਗੁਰਾਂ ਦੀ ਕਾਰ ਭੇਟ ਸੀ।
ਹੋਤਿ ਅਢਾਈ ਲਾਖ ਬਿਚਾਰ।
ਸੋ ਸਭਿ ਡੇਰੇ ਪਰ ਲਗਵਾਯਹੁ।
ਬਹੁ ਚਾਤੁਰਤਾ ਸਹਿਤ ਬਨਾਯਹੁ ॥੧੬॥
ਸੋ ਉਚਵਾਇ ਅਨੰਦਪੁਰਿ ਆਨਾ।
ਬਹੁ ਨਰ ਸੰਗ ਸੰਭਾਰਨਿ ਠਾਨਾ।
ਮਿਲਜੋ ਆਨਿ ਸਤਿਗੁਰ ਪਗ ਪਰਜੋ।
'ਡੇਰਾ ਤਜਾਰ' ਨਿਵੇਦਨ ਕਰਜੋ[1] ॥੧੭॥ [1]ਬੇਨਤੀ ਕੀਤੀ।
ਪੁਨ ਪ੍ਰਭੁ ਸ਼੍ਰੀ ਮੁਖ ਹੁਕਮ ਬਖਾਨਾ।
'ਤਹਿਂ ਲਗਾਇ ਸੋ ਡੋਰਨਿ ਤਾਨਾ।
ਤਬਿ ਹੇਰਹਿੰਗੇ ਜਿਮ ਇਹ ਭਯੋ।
ਚਿਰੰਕਾਲ ਮਹਿਂ ਲਜਾਵਨਿ ਕਿਯੋ'
॥੧੮॥
ਲਗੇ ਫਰਾਸ਼ ਲਗਾਵਨਿ ਸੋਇ।
ਤਨੀ ਕਨਾਤ ਚੁਫੇਰੇ[†] ਜੋਇ। [†]ਪਾ:-ਮਖਮਲੀ।
ਬੂਟੇ ਨਿਕਸੇ ਬਾਗ਼ ਮਨਿੰਦ।
ਫਲ ਫੂਲਨਿ ਦਲ ਕਿਤ ਅਰਬਿੰਦ[1] [1]ਕਿਤੇ ਕਵਲ।
॥੧੯॥
ਪੁਨ ਤੰਬੂ ਤਾਨਜੋ ਤਿਸ ਮਾਂਹੀ।
ਕੰਚਨ ਕਲਸ ਤੁੰਗ ਜੁਗ ਜਾਂਹੀ।
ਪਸ਼ਮੰਬਰ ਬਹੁ ਬਰਨ ਬਰਨ ਕੇ।
ਦਿਪਹਿਂ ਦੂਰ ਆਕਾਰ ਤਰਨਿ ਕੇ[1] [1]ਸੂਰਜ ਵਾਂਙ।
॥੨੦॥
ਚਾਰੁ ਚੁਕੋਨ ਕਲਸ ਲਘੁ ਚਾਰ।

ਦਿਪਤ ਮਹਾਂ ਦੁਤਿ ਗਨ ਗੁਲਜ਼ਾਰ।
ਵਹਿਰ ਜ਼ਰੀ ਝਾਲਰ ਝਲਕੰਤੀ।
ਅੰਤਰ ਮੁਕਤਾ ਲਰੀ ਝੁਲੰਤੀ ॥੨੧॥
ਚਾਂਦੀ ਸਹਿਤ ਸੁ ਚਾਮੀਕਰ ਕੀ।
ਚੋਬ ਖਰੀ ਜੁਗ ਘਾੜਤ ਬਰ ਕੀ।
ਚਾਰੁ ਚਾਨਣੀ ਚਮਕ ਚੁਕੋਨੀ।
ਤਨੀ ਤਾਨ ਕਰਿ ਦੀਪਤਿ ਲੋਨੀ[1] ॥੨੨॥ [1]ਬਲ ਨਾਲ ਤਾਣੀ ਗਈ ਸੁੰਦਰ ਚਮਕਦੀ ਹੈ।
ਧਨ ਲਾਗਯੋ ਜਿਹਂ ਲਾਖ ਅਢਾਈ।
ਅਸ ਡੇਰੇ ਕੋ ਹੇਰਿ ਗੁਸਾਈਂ।
ਭਏ ਪ੍ਰਸੰਨ ਜਬਹਿ ਬਿਚ ਬਰੇ।
ਮਾਤੁਲ ਅਧਿਕ ਸਰਾਹਨਿ ਕਰੇ ॥੨੩॥
'ਸਰਬ ਸ਼ਿਰੋਮਣਿ ਤੁਮ ਜਿਮ ਅਹੋ।
ਤਿਮ ਇਹ ਜਗ ਤੇ ਉੱਤਮ ਲਹੋ।
ਸੁਨਯੋ ਦਿਲੇਸ਼ੁਰ ਢਿਗ ਅਸ ਗਯੋ।
ਇਸ ਕੇ ਸਮ ਸੋ ਬਨਤਿ ਨ ਭਯੋ ॥੨੪॥
ਅਪਰ ਕੌਨ ਸਕਿ ਹੈ ਬਨਿਵਾਇ।
ਬਿਨਾ ਆਪ ਕੇ ਸ਼ਕਤਿ ਨ ਕਾਇ।'
ਪਿਛਲੇ ਪਹਿਰ ਫਰਸ਼ ਕਰਿਵਾਯੋ।
ਤੰਬੂ ਕੇ ਸੰਗ ਲੇਯ ਜੁ ਆਯੋ ॥੨੫॥
ਆਨਿ ਦਿਵਾਨ ਲਗਯੋ ਦਰਬਾਰ।
ਬੈਠੇ ਸ਼ੋਭਤਿ ਗੁਰੂ ਉਦਾਰ।
ਸਿਖ ਸੰਗਤਿ ਅਰ ਬ੍ਰਿੰਦ ਮਸੰਦ।
ਗਾਇਂ ਰਬਾਬੀ ਸ਼ਬਦ ਅਨੰਦ ॥੨੬॥
ਸਭਿਹਿਨਿ ਦੇਖਯੋ ਬਨਯੋ ਅਜਾਇਬ।
ਹਰਖਹਿਂ ਰਿਦੇ, 'ਉਚਿਤ ਇਹ ਸਾਹਿਬ।'
ਸੰਧਯਾ ਲਗਿ ਥਿਰ ਹੁਇ ਹਰਖਾਏ।
ਪਠਿ ਰਹਿਰਾਸ ਭੋਗ ਤਬਿ ਪਾਏ ॥੨੭॥
ਸੁੰਦਰ ਸਦਨ ਬਿਰਾਜੇ ਜਾਇ।
ਖਾਨ ਪਾਨ ਕਰਿ ਨਿਸਾ ਬਿਤਾਇ।
ਸਭਿ ਥਲ ਬਿਦਤਿ ਭਯੋ ਸੋ ਡੇਰਾ।
ਕਰਹਿਂ ਸਰਾਹਨਿ ਜਿਸ ਜਿਸ ਹੇਰਾ
॥੨੮॥

ਪੁਨ ਇਕ ਦਿਨ ਸ੍ਰੀ ਸਤਿਗੁਰ ਬੈਸੇ।
ਸਿਖ ਸੁਰ ਗਨ ਮਹਿਂ ਸੁਰਪਤਿ ਜੈਸੇ।
ਬਸਤ੍ਰ ਬਿਭੂਖਨ ਰਹੇ ਸੁਹਾਇ।
ਸੰਗਤਿ ਨਈ ਦਰਸ ਕੋ ਪਾਇ ॥੨੯॥
ਪੁਨ ਇਕ ਸੰਗਤਿ ਕਿਤ ਤੇ ਆਈ।
ਅਨਿਕ ਅਕੋਰਨਿ ਅਦਭੁਤ ਲਜਾਈ।
ਤਿਸ ਮਹਿਂ ਖੱਤ੍ਰੀ ਸਿਖ ਚਲਿ ਆਯੋ।
ਨਿਜ ਤਨੁਜਾ ਕੋ ਡੋਰਾ ਲਜਾਯੋ ॥੩੦॥
ਗੋਤ ਹੁਤੋ ਕੁਮਰਾਵ ਅਛੇਰਾ।
ਆਨ ਅਨੰਦਪੁਰਿ ਕੀਨਸਿ ਡੇਰਾ।
ਸੁਧਿ ਸ਼੍ਰੀ ਗੁਜਰੀ ਨਿਕਟ ਪਠਾਈ।
ਅਪਰ ਨੁਖਾ ਡੋਰੇ ਮਹਿਂ ਪਾਈ ॥੩੧॥
ਮਨ ਮੈਂ ਮੁਦਤਿ ਵਧਾਈ ਲੇਤਿ।
ਬਸਨ ਦਰਬ ਜਾਚਕ ਕੋ ਦੇਤਿ।
ਦਰਸ਼ਨ ਦੇਨਿ ਹੇਤੁ ਗੁਰ ਆਏ।
ਬੈਠਿ ਸਭਾ ਦਰਬਾਰ ਲਗਾਏ ॥੩੨॥
ਸਭਿ ਸੰਗਤ ਮਹਿਂ ਸੁਧਿ ਪਹੁੰਚਾਈ।
'ਲਿਹੁ ਦਰਸ਼ਨ ਪਹੁੰਚਹੁ ਸਮੁਦਾਈ।'
ਸੁਨਿ ਸੁਨਿ ਸੁਧਿ ਕੋ ਸਭਿ ਉਤਲਾਏ।
ਲਏ ਅਕੋਰਨ ਕੋ ਚਲਿ ਆਏ ॥੩੩॥
ਅਰਪਨ ਕਰਹਿਂ, ਬੰਦਨਾ ਠਾਨਹਿਂ।
ਰਿਦੇ ਕਾਮਨਾ ਬਦਨ ਬਖਾਨਹਿਂ।
ਪਿਖਿ ਪਿਖਿ ਪ੍ਰੇਮੀ ਪੁਰਵਨ ਕਰੈਂ[1]। [1]ਪੂਰੀ ਕਰਦੇ ਹਨ (ਗੁਰੂ ਜੀ)।
ਕਰੁਨਾ ਦ੍ਰਿਸ਼ਟਿ[1] ਸਭਿਨਿ ਪਰ ਧਰੈਂ ॥੩੪॥ [1]ਮਿਹਰਾਂ ਦੀ ਨਜ਼ਰ।
ਹਾਥ ਜੋਰਿ ਖੱਤ੍ਰੀ ਸਿਖ ਆਯੋ।
'ਮੈਂ ਤਨੁਜਾ ਦਾਸੀ ਹਿਤ ਲਜਾਯੋ।
ਬਨਹਿ ਸਨਾਥਾ[1] ਤੁਮਤੇ ਸੋਇ। [1]ਭਾਵ ਸੁਹਾਗਵੰਤੀ।
ਇਹ ਸ਼ਰਧਾ ਪੂਰਨ ਮਮ ਹੋਇ' ॥੩੫॥
ਸੁਨਿ ਕਰਿ ਸ਼੍ਰੀ ਮੁਖ ਤੇ ਫੁਰਮਾਯੋ।
'ਅੰਤਹਿਪੁਰਿ ਡੋਰਾ ਪਹੁੰਚਾਜੋ।'
ਦੇ ਦਰਸ਼ਨ ਸੰਗਤ ਕੋ ਸਾਰੀ।

ਗਮਨੇ ਸਤਿਗੁਰ ਸਦਨ ਮਝਾਰੀ ॥੩੬॥
ਸ਼੍ਰੀ ਗੁਜਰੀ ਸਾਹਾ ਸੁਧਵਾਇ।
ਉਤਸਵ ਬਜਾਹ ਬਿਲੰਦ ਬਨਾਇ।
ਸਤਿਗੁਰ ਕੌ ਫੇਰੇ ਫਿਰਿਵਾਏ।
ਪੁਰਿ ਅਨੰਦ ਮਹਿਂ ਅਨੰਦ ਵਧਾਏ
॥੩੭॥
ਜਥਾ ਜੋਗ ਕੁਲ ਰੀਤਿ ਕਰਾਈ।
ਧਨ ਖਰਚਜੋ ਬਹੁ ਵਜੀ ਵਧਾਈ।
ਦੁਤੀ ਬਜਾਹ ਕਲਗ਼ੀਧਰ ਕੇਰਾ।
ਸੰਗ ਸੁੰਦਰੀ ਭਾਗ ਭਲੇਰਾ ॥੩੮॥
ਜਿਸ ਕੀ ਹੋਈ ਬੈਸ ਬਿਸਾਲਾ।
ਗੁਰ ਪੀਛੇ ਜੀਵੀ ਚਿਰਕਾਲਾ।
ਇਸ ਪ੍ਰਕਾਰ ਪੁਰਿ ਅਨੰਦ ਮਝਾਰਾ।
ਬਿਲਸਤਿ ਗੁਰੂ ਬਿਲਾਸ ਉਦਾਰਾ
॥੩੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਡੇਰਾ ਆਗਵਨ, ਬਜਾਹ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

੨੧. [ਰਤਨ ਰਾਇ ਦੀ ਦਰਸ਼ਨਾ ਲਈ ਤਯਾਰੀ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:

ਅਬਿ ਇਹ† ਭੂਪਤਿ ਕੀ ਕਥਾ, ਕਹਨਿ ਬਨੈ ਇਸ ਬਾਨ।

†ਪਾਠ 'ਇਕ' ਹੋਣਾ ਹੈ, ਕਲਮ ਉਕਾਈ ਨਾਲ 'ਇਹ' ਹੋ ਗਿਆ ਜਾਪਦਾ ਹੈ।

ਗਨ ਸ੍ਰੋਤਾ ਸੁਨੀਅਹਿ ਸਕਲ, ਬਨਹੁ ਸੁਚਿਤ ਸਵਧਾਨ ॥੧॥

ਚੌਪਈ:

ਸ੍ਰੀ ਗੁਰ ਤੇਗ ਬਹਾਦਰ ਧੀਰ।
ਗਮਨੇ ਦੇਸ਼ ਕਾਮਰੂ ਤੀਰ।
ਬਿਸ਼ਨ ਸਿੰਘ ਨ੍ਰਿਪ ਕਾਜ ਬਨਾਯੋ।
ਤਿਸ ਨਰਿੰਦ੍ਰ ਕੋ ਬੋਲਿ ਮਿਲਾਯੋ[1] ॥੨॥

[1]ਭਾਵ ਕਾਰੂ ਦੇਸ਼ ਦੇ ਰਾਜੇ ਨੂੰ ਬੁਲਾਕੇ ਬਿਸ਼ਨ ਸਿੰਘ ਨਾਲ ਮਿਲਾਇਆ ਸੀ।

ਜਬਿ ਇਤ ਐਬੋ ਕੀਨੀ ਤਯਾਰੀ।
ਪਸਰਯੋ ਸੁਜਸੁ ਜਹਾਂ ਕਹਿਂ ਭਾਰੀ।
ਦੇਸ਼ ਅਸਾਮ ਕੇਰ ਮਹਿਪਾਲਾ।
ਜਿਸ ਕੇ ਪੁੱਤ੍ਰ ਨ ਹੁਇ ਕਿਸ ਕਾਲਾ ॥੩॥
ਕਰਿ ਕਰਿ ਥਕਯੋ ਅਨਿਕ ਉਪਚਾਰ।
ਬੀਤ ਗਯੋ ਤਰੁਨਾਪਨ ਚਾਰੁ[1]।

[1]ਸੁਹਣੀ ਜੁਵਾਨੀ।

ਸੁਨਿ ਕੈ ਗੁਰ ਜਸੁ ਮੁਦਤਿ ਬਿਲੰਦ।
-ਜਨ ਕੀ ਪੁਰਹਿਂ ਕਾਮਨਾ ਬ੍ਰਿੰਦ- ॥੪॥
ਅੰਤਹਿਪੁਰਿ[1] ਕੋ ਲੇ ਨਿਜ ਸਾਥ।

[1]ਰਾਣੀ ਨੂੰ।

ਮਿਲਯੋ ਆਇ ਜਹਿਂ ਸਤਿਗੁਰ ਨਾਥ।
ਅਨਿਕ ਅਕੋਰ ਅਰਪ ਕਰਿ ਧਰੇ।
ਦੋ ਕਰਿ ਜੋਰਿ ਨਿਹੋਰਨਿ ਕਰੇ ॥੫॥
ਸੁਤਿ ਅਭਿਲਾਖਾ ਅਰਜ਼ ਗੁਜਾਰੀ।
ਸੁਨਿ ਕਰਿ ਸਤਿਗੁਰ ਕਰੁਨਾ ਧਾਰੀ।
ਹੁਤੀ ਹਾਥ ਮਹਿਂ ਅੱਛਰ ਛਾਪ[1]।

[1]ਅੱਖਰਾਂ ਵਾਲੀ ਮੋਹਰ।

ਨ੍ਰਿਪਤਿ ਉਰੂ ਪਰ[1] ਲਾਈ ਆਪ ॥੬॥

[1]ਪੱਟ ਉੱਤੇ।

ਕਹਯੋ ਬਾਕ ਬਰ ਕੋ[1] ਤਬਿ ਤਿਸੈ।

[1]ਵਰ ਦਾ ਵਾਕ।

'ਉਪਜੈ ਪੁੱਤ੍ਰ ਤੋਹਿ ਘਰ ਬਿਸੈ[1]।

[1]ਬਿਖੇ।

ਤਿਸ ਕੇ ਸਿਰ ਪਰ ਮੁਹਰ ਹਮਾਰੀ।
ਹ੍ਵੈ ਹੈ ਚਿੰਨ੍ਹਤਿ ਸੋ ਬਯ ਸਾਰੀ[1]† ॥੭॥

[1]ਸਾਰੀ ਆਯੂ। †ਇਤਨਾ ਪ੍ਰਸੰਗ ਪਿਛੇ ਨੌਵੇਂ ਪਾਤਸ਼ਾਹ ਜੀ ਦੇ ਪ੍ਰਸੰਗਾਂ ਵਿਚ ਆ ਚੁੱਕਾ ਹੈ, ਦੇਖੋ ਰਾਸਿ ੧੨ ਅੰਸੂ ੧੧ ਅੰਕ ੪ ਤੋਂ ੪੫ ਤਕ।

ਗੁਰ ਤੇ ਲੇ ਕਰਿ ਨ੍ਰਿਪ ਘਰ ਗਯੋ।
ਇਕ ਸੰਮਤ ਮਹਿਂ ਸੁਤ ਉਪਜਯੋ।
ਅਨਿਕ ਅਨੰਦ ਬਜਾਇ ਵਧਾਈ।
ਬੰਟਯੋ ਦਰਬ ਨਰਨਿ ਸਮੁਦਾਈ ॥ ੮ ॥
ਪ੍ਰਤਿਪਾਰਯੋ ਪ੍ਰਿਯ ਪੁੱਤ੍ਰ ਬਡੇਰਾ।
ਕਰਤਿ ਪ੍ਰਤੀਖਨ ਚਿਰ ਨਹਿਂ ਹੇਰਾ।
ਕਰਹਿਂ ਦੁਲਾਰਨਿ ਹਰਖਤਿ ਹੋਏ।
ਗੁਰ ਜਸ ਉਚਰਹਿਂ ਦੰਪਤਿ ਦੋਏ ॥ ੯ ॥
ਸਪਤ ਬਰਖ ਕੋ ਬਾਲਿਕ ਭਯੋ।
ਬੈਸ ਅੰਤ ਤੇ ਨ੍ਰਿਪ ਮਰਿ ਗਯੋ।
ਮਾਤ ਰਹੀ ਜੀਵਤਿ ਪ੍ਰਤਿਪਾਰਾ।
ਤਬਿ ਨ੍ਰਿਪ ਸੁਤ ਨਿਜ ਸੁਰਤ ਸੰਭਾਰਾ ॥ ੧੦ ॥
ਦ੍ਵਾਦਸ਼ ਸੰਮਤ ਕੋ ਜਬਿ ਹੋਵਾ।
ਇਕ ਦਿਨ ਮੁਕਰ[1] ਭਲੀ ਬਿਧਿ ਜੋਵਾ।
ਕੰਘਾ ਕਰਹਿ ਸੁ ਕੇਸਨ ਮਾਂਹਿ।
ਪੁਨ ਜੂਰੋ ਬੰਧਨ ਕਿਯ ਤਾਂਹਿ[†] ॥ ੧੧ ॥

[1]ਸ਼ੀਸ਼ਾ।

[†]ਇਸ ਤੋਂ ਪਤਾ ਲਗਾ ਕਿ ਨਾਵੇਂ ਗੁਰੂ ਜੀ ਦੇ ਵਰ ਨਾਲ ਹੋਇਆ ਸਿੱਖ ਕੇਸ਼ਾਧਾਰੀ ਹੈ। ਗੁਰੂ ਜੀ ਨੇ ਆਗਯਾ ਕੀਤੀ ਹੋਣੀ ਹੈ।

ਦੇਖਤਿ ਮੁਕਰ ਬਿਖੈ ਨਿਜ ਸਿਰ ਕੋ।
ਤਿਸ ਪਰ ਹੇਰਯੋ ਚਿੰਨ੍ਹ ਮੁਹਰ ਕੋ।
ਅੰਗੁਰੀ ਸੰਗ, ਕੇਸ ਕਉ ਟਾਰੈ।
ਬਾਰ ਬਾਰ ਸੋ ਥਾਨ ਨਿਹਾਰੈ ॥ ੧੨ ॥
-ਨਹੀਂ ਕੇਸ, ਜਾ ਮੇ ਕਯਾ ਹੇਤੁ[1]?
ਲਗੀ ਚੋਟ ਜਬਿ ਬੈਸ ਅਚੇਤ[1]।
ਕੈ ਬਿਸਫੋਟ[1] ਨਿਕਸਯੋ ਹੋਇ-।
ਇਮ ਸੰਸੈ ਨ੍ਰਿਪ ਨੰਦਨ ਕੋਇ[1] ॥ ੧੩ ॥

[1]ਕੇਸ ਉਗੇ ਨਹੀਂ (ਚਿੰਨ੍ਹਤ ਥਾਂ ਉੱਤੇ) ਕੀ ਕਾਰਨ ਹੈ।

[1]ਛੋਟੀ ਉਮਰੇ।

[1]ਫੋੜਾ।

[1]ਰਾਜੇ ਦੇ ਪੁੱਤ੍ਰ ਨੂੰ।

ਪਗਿਯਾ ਬੰਧਤਿ ਕਰਤਿ ਬਿਚਾਰਨ।
-ਜਨਨੀ ਜਾਨਤਿ ਹੁਇ ਇਸ ਕਾਰਨ-।
ਇਮ ਮਨ ਠਾਨਿ ਪਯਾਨੋ ਕੀਨਿ।
ਜਿਹ ਠਾਂ ਅੰਤਹਿਪੁਰਿ ਆਸੀਨ ॥ ੧੪ ॥
ਨਿਕਟ ਬੈਠਿ ਕਰਿ ਬੂਝੀ ਤਹਾਂ।
'ਸਿਰ ਮੈਂ ਚਿੰਨ੍ਹ, ਹੇਤੁ[1] ਇਸ ਕਹਾਂ।

[1]ਕਾਰਨ।

ਲਗੀ ਚੋਟ ਕੈ ਭਾ ਬਿਸਫੋਟ।
ਕੇਸ ਨ ਜਾਮੇ ਕੌਨੇ ਖੋਟ?' ॥੧੫॥
ਸੁਨਿ ਰਾਨੀ ਸਭਿ ਕਹਯੋ ਬ੍ਰਿਤੰਤ।
ਇਤ ਆਏ ਸਤਿਗੁਰ ਭਗਵੰਤ।
ਤੋਰ ਪਿਤਾ ਗਮਨਯੋਂ ਤਿਨਿ ਪਾਸ।
ਸੁਤ ਬਾਂਛਤ ਕੀਨਸਿ ਅਰਦਾਸ ॥੧੬॥
ਸੁਨਿ ਗੁਰ ਮੁਹਰ ਹਾਥ ਤੇ ਲਾਈ।
-ਚਿੰਨ੍ਹਤਿ ਸੁਤ ਹੁਇ ਸਿਰ, ਉਪਜਾਈ[1]-।
ਮਹਿਪਾਲਕ ਤਨ ਲਾਗੀ ਜੋਈ।
ਤੋਹਿ ਸੀਸ ਪਰ ਜਾਨਹੁ ਸੋਈ ॥੧੭॥
ਤੂੰ ਜਨਮਯੋਂ ਗੁਰ ਸਿੱਖ ਮਹਾਨਾ।
ਸਿਰ ਪਰ ਮੁਹਰ ਲਗੇ ਤੇ ਜਾਨਾ।'
ਨ੍ਰਿਪ ਸੁਤਿ ਸੁਨਿ ਕੈ ਮਨ ਬਿਸਮਾਯੋ।
'ਇਹ ਤੌ ਅਦਭੁਤ ਹੇਤੁ ਬਤਾਯੋ ॥੧੮॥
ਹੇ ਜਨਨੀ! ਸੋ ਸਤਿਗੁਰ ਕਹਾਂ।
ਜਿਨ ਮੈਂ ਸ਼ਕਤੀ ਪਈਯਤਿ ਮਹਾਂ।
ਦਰਸ਼ਨ ਕਰਿਬੇ ਮਨ ਉਮਗਾਯੋ।
ਜਿਨ ਕੇ ਬਰ ਤੇ ਮੁਹਿ ਨਿਪਜਾਯੋ' ॥੧੯॥
ਰਾਨੀ ਕਹਯੋ 'ਸੁ ਬੈਕੁੰਠ ਗਏ।
ਗਾਦੀ ਪਰ ਤਿਨ ਕੇ ਸੁਤ ਭਏ।
ਜਨਮੇ ਪਟਣੇ ਨਗਰ ਮਝਾਰੀ।
ਬਡੇ ਹੋਇ ਜਬਿ ਸੁਰਤਿ ਸੰਭਾਰੀ ॥੨੦॥
ਦੇਸ਼ ਪੰਜਾਬ ਹੁਤੋ ਤਿਨ ਕੇਰਾ।
ਤਿਸ ਥਲ ਜਾਇ ਟਿਕੇ ਤਿਸ ਬੇਰਾ।
ਅਪਨਿ ਦੇਸ਼ ਤੇ ਦੂਰ ਬਡੇਰੇ।
ਦਿਖਿਯਤਿ ਗਮਨੇ ਪੰਥ ਘਨੇਰੇ' ॥੨੧॥
ਨ੍ਰਿਪ ਸੁਤ ਸੁਨਤਿ ਰਿਦੇ ਆਨੰਦ।
ਜਗੀ ਦੇਖਿਬੇ ਚਾਹਿ ਬਿਲੰਦ।
ਤਿਸ ਦਿਨ ਤੇ ਤਯਾਰੀ ਕਰਿਵਾਵਤਿ।
ਵਸਤੁ ਅਜਾਇਬ ਕੋ ਖੁਜਵਾਵਤਿ ॥੨੨॥

[1]ਪੁੱਤ੍ਰ ਪੈਦਾ ਹੋਵੇਗਾ ਤੇ ਚਿੰਨ੍ਹ ਸਿਰ ਪਰ ਹੋਵੇਗਾ।

ਮਸਲਤ ਕਰਤਿ ਮੰਤ੍ਰੀਅਨਿ ਸੰਗ।
ਹਿਤ ਅਕੋਰ ਲੇ ਕਿਤਿਕ ਤੁਰੰਗ।
ਚਪਲ ਬਲੀ ਜਿਨ ਬੇਗ ਬਿਸਾਲੇ।
ਜ਼ਰੀ ਜ਼ੀਨ ਕੰਚਨ ਕੇ ਡਾਲੇ ॥੨੩॥
ਅਦਭੁਤ ਲੀਨਸਿ ਏਕ ਮਤੰਗ।
ਕਦ ਛੋਟੋ ਨਹਿਂ ਦੀਰਘ ਅੰਗ।
ਜਿਤੋ ਰੋਟਕਾ ਕੇਰ ਅਕਾਰ।
ਸੁੰਦਰ ਹੁਤੋ ਸੁਪੈਦ ਲਿਲਾਰ[1] ॥੨੪॥
ਤਿਸੀ ਸੁਪੈਦੀ ਕੀ ਸ਼ੁਭ ਧਾਰੀ[1]।
ਉਤਰੀ ਤਰੀ[1] ਸੁੰਡ ਲਗਿ ਸਾਰੀ।
ਸਿਰ ਪਰਿ ਹੁਇ ਕਰਿ ਗਈ ਪਿਛਾਰੇ।
ਲਾਂਗੁਲ ਮੂਲ ਤੀਕ ਇਕ ਸਾਰੇ[1] ॥੨੫॥
ਅਪਰ ਅਕਾਰ ਸੁ ਕਾਰਾ ਸਾਰੋ।
ਸਕਲ ਅੰਗ ਸੁੰਦਰ ਦੁਤਿ ਵਾਰੋ।
ਪੁਨ ਸੀਖਜਾ ਦੇ ਭਲੇ ਸਿਖਾਯੋ।
ਕਰਹਿ ਸੁ ਨਰ ਜਿਮ ਚਹੈ ਕਰਾਯੋ[1] ॥੨੬॥
ਸੁੰਡ ਬਿਖੈ ਗਹਿ ਲੇਤਿ ਮਸਾਲ।
ਠਾਢੇ ਕਰਹਿ ਪ੍ਰਕਾਸ਼ ਬਿਸਾਲ।
ਕਰਤਿ ਰਹਤਿ ਨ੍ਰਿਪ ਕੇ ਸਿਰ ਚੌਰ।
ਚਿਰ ਲੌਂ ਖਰੋ ਪਾਛਲੀ ਠੌਰ ॥੨੭॥
ਜੇਤਿਕ ਤੀਰ ਚਲਾਵਨਿ ਕਰੈਂ।
ਬੀਨ ਬੀਨ ਤਿਨ ਆਗੇ ਧਰੈ।
ਇੱਤਜਾਦਿਕ ਗੁਨ ਜਿਸ ਮੈਂ ਘਨੇ।
ਜਬਹਿ ਆਇ ਕਰਿ ਤਿਸ ਢਿਗ ਭਨੇ ॥੨੮॥
ਅਸ ਅਦਭੁਤ ਸੁਨਿ ਮਹਿਪਤ ਨੰਦ।
ਮੁਖ ਮਾਂਗਜੋ ਧਨ ਪਠਜੋ ਬਿਲੰਦ।
ਗੁਰ ਹਿਤ ਹਰਖਤਿ ਹ੍ਵੈ ਕਰਿ ਲੀਨੋ।
ਸਿਤਾ ਘ੍ਰਿਤਾਦਿ ਖਾਨ ਕੌ ਦੀਨੋ ॥੨੯॥
ਦੂਰ ਦੇਸ਼ ਤੇ ਏ ਮੰਗਵਾਇਵ।
ਚਾਹਿਤਿ ਚਿਤ ਸਤਿਗੁਰੂ ਰਿਝਾਇਵ।

[1]ਰੋਟੀ ਦੇ ਆਕਾਰ ਜਿੰਨਾ ਮੱਥਾ ਸੁਹਣਾ ਚਿੱਟਾ ਸੀ।
[1]ਲਕੀਰ।
[1]ਹੇਠਾਂ।
[1]ਪੂਛ ਦੇ ਮੁਢ ਤੱਕ ਇਕਸਾਰ।
[1]ਜਿਵੇਂ ਨਰ ਭਾਵ ਮਹਾਵਤ ਉਸ ਤੋਂ ਕਰਵਾਯਾ ਚਾਹੇ ਕਰਦਾ ਹੈ।

ਪੰਚਕਲਾ ਇਕ ਸ਼ਸਤ੍ਰ ਅਜਾਇਬ।
ਤਯਾਰ ਕਰਾਯਹੁ ਅਰਪਨਿ ਸਾਹਿਬ[1] ॥੩੦॥
ਰਹੇ ਗਾਤਰੇ ਬਨਜੋਂ ਕ੍ਰਿਪਾਨ।
ਤੀਖਨ ਧਾਰ ਕਰਹਿ ਰਿਪੁਹਾਨਿ।
ਕਲ ਦਾਬੇ ਬਰਛੀ ਹੁਇ ਜਾਇ।
ਸਨਮੁਖ ਅਰਿ ਕੇ ਹਤਹਿ ਬਗਾਇ ॥੩੧॥
ਪੁਨ ਕਲ ਦਾਬੇ ਬਨਹਿ ਤਮਾਂਚਾ।
ਗੁਲਕਾ ਡਾਰਿ ਹਤਹਿ ਰਣ ਮਾਚਾ[1]।
ਤੀਖਨ ਪੁਨ ਕਟਾਰ ਬਨ ਜਾਇ।
ਰਿਪੁ ਢਿਗ ਪਹੁੰਚੇ ਉਦਰ ਧਸਾਇ ॥੩੨॥
ਪੁਨ ਇਕ ਚੌਕੀ ਲਈ ਅਜਾਇਬ।
ਕਰਨਿ ਪ੍ਰਸੰਨ ਸਤਿਗੁਰੂ ਸਾਹਿਬ।
ਜਬਿ ਇਸ ਕੀ ਕਲ ਦਾਬਨਿ ਕਰੈਂ।
ਪੁਤਲੀ ਚਾਰ ਨਿਕਸਿ ਤਹਿਂ ਥਿਰੈਂ ॥੩੩॥
ਚੌਪਰ ਕੋ ਬਿਛਾਇ ਤਿਨ ਆਗੈ।
ਡਲ ਕੋ ਗਹਿ ਸੋ ਖੇਲਨਿ ਲਾਗੈਂ।
ਪੁਨ ਲੀਨਸਿ ਇਕ ਜਾਮ ਕਟੋਰਾ[1]।
ਇਨ ਹਿਤ ਦਰਬ ਦਿਯੋ ਨਹਿਂ ਥੋਰਾ ॥੩੪॥
ਇੱਤਯਾਦਿਕ ਵਸਤੂ ਸਮੁਦਾਏ।
ਰੁਚਿਰ[1] ਬਿਭੂਖਨ ਖਚਤਿ ਘਰਾਏ।
ਬਹੁ ਅੰਬਰ ਬਹੁ ਬਿਧਿ ਕੇ ਲੀਨਿ।
ਚਲਿਬੇ ਹਿਤ ਤਯਾਰੀ ਨਿਜ ਕੀਨਿ ॥੩੫॥

[1]ਅਰਪਨ ਲਈ ਸਾਹਿਬਾਂ ਨੂੰ।

[1]ਜੁੱਧ ਦੇ ਮਚਿਆਂ।

[1]ਪਯਾਲੇ ਵਾਂਗੂ ਬਣਿਆ ਹੋਇਆ ਕਟੋਰਾ [ਫਾ:-ਜਾਮ। ਜੋ ਅਕਸਰ ਚਾਂਦੀ ਦਾ ਹੁੰਦਾ ਹੈ, ਪਰ 'ਜਾਮੇ ਜਮ' ਦੇ ਭਾਵ ਵਲ ਇਸ਼ਾਰਾ ਜਾਪਦਾ ਹੈ। ਜਮਸ਼ੈਦ ਪਾਤਸ਼ਾਹ ਨੇ ਇਕ ਪਯਾਲਾ ਬਣਵਾਇਆ ਸੀ ਜਿਸ ਵਿਚ ਜ਼ਮੀਨ ਅਸਮਾਨ ਦੇ ਨਕਸ਼ੇ ਆਦਿ ਜੋ ਚਾਹੇ ਦੇਖ ਲੈਂਦਾ ਸੀ, ਇਸੀ ਤਰ੍ਹਾਂ ਇਹ ਕਟੋਰਾ ਬੀ ਕੁਛ ਤਲਿਸਮੀ ਬਨਾਵਟ ਦਾ ਸੀ]।

[1]ਸੁੰਦਰ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਨ੍ਰਿਪ ਪ੍ਰਸੰਗ' ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

੨੨. [ਰਤਨ ਰਾਇ ਗੁਰੂ ਜੀ ਦੇ ਹਜ਼ੂਰ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਸਜਾਨੀ ਜਨਨੀ ਸੰਗ ਲੈ, ਕਛੁਕ ਬਾਹਨੀ ਸਾਥ।
ਧਰਿ ਸ਼ਰਧਾ ਮਾਰਗ ਪਰਜੋ, ਨ੍ਰਿਪ ਸੁਤ ਦਰਸ਼ਨ ਨਾਥ ॥੧॥

ਚੌਪਈ:

ਸ਼ੁਭ ਮਤਿ ਚਤੁਰ ਚੌਂਪ ਚਿਤ ਜਗੀ।
-ਕਬਿ ਗੁਰ ਦਰਸੋਂ ਪ੍ਰੀਤੀ ਲਗੀ।
ਬੰਦਨ ਕਰਿ ਬੈਠੌਂ ਪਗ ਪਾਸ।
ਸੁਨੌਂ ਕਬਹਿ ਗੁਰ ਬਾਕ ਬਿਲਾਸ ॥੨॥
ਸਾਰਦ ਚੰਦ ਬਦਨ ਕੀ ਓਰਾ[1]। — [1]ਸਰਦ ਰੁਤ ਦੇ ਚੰਦ੍ਰਮਾਂ ਰੂਪੀ ਮੁਖ ਵਲ।
ਲੋਚਨ ਕਰੌਂ ਚਕੋਰਨਿ ਜੋਰਾ।
ਸ਼੍ਰਵਨ ਪੁਟਨ ਤੇ ਅੰਮ੍ਰਿਤ ਬਾਨੀਂ।
ਪਾਨ ਕਰੌਂ ਮੈਂ ਅਤਿ ਸੁਖਦਾਨੀ- ॥੩॥
ਚਿਤਵੈ[1] ਬੈਠਤਿ ਉਠਤਿ ਚਲੰਤਾ। — [1]ਯਾਦ ਕਰਦਾ ਹੈ।
ਸੁਨਿ ਗੁਰ ਮਹਿਮਾਂ ਉਰ ਹਰਖੰਤਾ।
ਸਨੇ ਸਨੇ ਗਮਨਤਿ ਲਖਿ ਦੂਰ।
ਨਿਜ ਦਲ ਨਰਨਿ ਦੇਤਿ ਸੁਖ ਭੂਰ ॥੪॥
ਜਨ ਪੰਜਾਬ ਦੇਸ਼ ਕੋ ਮਿਲੇ[1]। — [1]ਪੰਜਾਬ ਦੇਸ਼ (ਦਾ) ਜੇ ਕੋਈ ਆਦਮੀ ਮਿਲ ਪਵੇ ਤਾਂ।
ਗੁਰ ਸੁਧਿ ਤਿਸ ਕੌ ਬੂਝਤਿ ਭਲੇ।
'ਥਿਤ ਅਨੰਦਪੁਰਿ ਨਗਰ' ਸੁਨਾਵੈ[1]। — [1](ਉਹ ਪੰਜਾਬ ਵਾਸੀ ਸੁਣਾਵੇ ਕਿ ਗੁਰੂ ਜੀ) ਆਨੰਦਪੁਰ ਨਗਰ ਵਿਖੇ ਟਿਕੇ ਹੋਏ ਹਨ।
'ਸੰਗਤਿ ਦਰਸ ਹਜ਼ਾਰਹੁਂ ਆਵੈ' ॥੫॥
ਦਿਨ ਪ੍ਰਤਿ ਕੂਚ ਕਰਤਿ ਮਗ ਆਵਤਿ।
ਸਰਿਤਾ ਬ੍ਰਿੰਦ ਉਲੰਘਿ ਉਤਲਾਵਤਿ।
ਪੁਨ ਗ੍ਰਾਮਨ ਕੋ ਪਿਖਿ ਪਿਖਿ ਛੋਰਾ।
ਚਲਜੋ ਆਇ ਸਤਿਗੁਰੂ ਕੀ ਓਰਾ ॥੬॥
ਸੁਰਸਰਿ ਤਰੀ, ਉਲੰਘੀ ਜਮਨਾ।
ਜਿਨ ਕੇ ਮੱਜਨ ਤ੍ਰਾਸਦ ਜਮ ਨਾ[1]। — [1]ਡਰ ਨਹੀਂ ਦੇਂਦਾ ਜਮ।
ਚਲਤਿ ਅਨੰਦਪੁਰਾ ਨਿਯਾਰਯੋ।
ਪੁੱਤ੍ਰ ਮਹੀਪਤਿ ਕੋ ਹਰਖਾਯੋ ॥੭॥
ਰਾਖੇ ਪੁਸ਼ਟ ਤੁਰੰਗਮ ਸਾਰੇ।
ਤਿਮ ਕੁੰਚਰ ਭੀ ਤਨ ਬਲ ਭਾਰੇ।

ਸਾਥ ਅਸੂਦਾ[1] ਲਸ਼ਕਰ ਭਲੇ।
ਸਨੇ ਸਨੇ ਬਡ ਮਾਰਗ ਚਲੇ ॥ ੮ ॥
ਸਤੁੱਦ੍ਰਵ ਤੀਰ ਆਨਿ ਕਰਿ ਹੇਰਾ।
ਨੇਤ੍ਰ ਤੁੰਗ ਕੋ ਸੈਲ ਬਡੇਰਾ।
ਪਹੁੰਚੇ ਗੁਰ ਪੁਰਿ ਪਿਖਿ ਸ਼ੁਭ ਥਾਨ।
ਜਹਿਂ ਛਾਯਾ ਰਮਣੀਕ ਮਹਾਨ ॥ ੯ ॥
ਸਿਵਰ ਕਰਯੋ ਤੰਬੂ ਲਗਵਾਏ।
ਸੁਧ ਹਿਤ ਸ਼ੁਭ ਨਰ ਤਬਹਿ ਪਠਾਏ।
ਸਤਿਗੁਰ ਪੌਰ ਜਨਾਇ ਬ੍ਰਿਤਾਂਤ।
'ਦੇਸ਼ ਅਸਾਮ ਨ੍ਰਿਪਤਿ ਕੋ ਤਾਤ ॥ ੧੦ ॥
ਗੁਰ ਕੋ ਸਿਖ ਦਰਸ਼ਨ ਹਿਤ ਆਯੋ।
ਸ਼ਰਧਾ ਧਰੇ ਭਾਉ ਅਧਿਕਾਯੋ।'
ਪੌਰਦਾਰ ਚਲਿ ਗਯੋ ਹਜ਼ੂਰ।
ਅਰਜ਼ ਗੁਜ਼ਾਰੀ ਸਹਿਤ ਸ਼ਹੂਰ[1] ॥ ੧੧ ॥
ਸੁਨਿ ਕਲਗ਼ੀਧਰ ਹੁਕਮ ਬਖਾਨਾ।
'ਗੁਰ ਘਰ ਤੇ ਦਿਹੁ ਦੇਗ਼ ਮਹਾਨਾ।
ਤ੍ਰਿਣ ਦਾਨਾ ਘ੍ਰਿਤ ਸਤਾ ਨਿਹਾਰੀ।
ਦੇਹੁ ਤੁਰੰਗਮ ਜੇ ਗਜ ਭਾਰੀ' ॥ ੧੨ ॥
ਆਇ ਮਸੰਦਨ ਕੋ ਤਿਨ ਕਹ੍ਯੋ।
ਜਬਿ ਗੁਰ ਹੁਕਮ ਸਭਿਨਿ ਹੂੰ ਲਹ੍ਯੋ।
ਨ੍ਰਿਪ ਸੁਤ ਨਿਕਟ ਮੇਵਰੇ ਗਏ।
ਜਥਾ ਜੋਗ ਹਿਤ ਖੈਬੇ ਦਏ ॥ ੧੩ ॥
ਸਰਬ ਰੀਤਿ ਸੁਖ ਪਾਇ ਘਨੇਰਾ।
ਗੁਰਨਿ ਸਰਾਹਹਿ ਸਗਰੋ ਡੇਰਾ।
ਚਹੀ ਵਸਤੁ ਤਤਛਿਨ ਪਹੁਚਾਈ।
ਸੁਪਤਿ ਭਏ ਸੋ ਨਿਸਾ ਬਿਤਾਈ ॥ ੧੪ ॥
ਸੌਚ ਸ਼ਨਾਨ ਠਾਨਿ ਸਵਧਾਨਾ।
ਨ੍ਰਿਪਨੰਦਨ ਅਭਿਲਾਖ ਮਹਾਨਾ।
ਪਠ੍ਯੋ ਮੁਸਾਹਿਬ ਸਤਿਗੁਰ ਦ੍ਵਾਰੇ।
'ਰਾਵਰਿ ਦਰਸ਼ਨ ਚਾਹਿ ਉਦਾਰੇ ॥ ੧੫ ॥
ਨੀਠ ਨੀਠ ਕਰਿ ਨਿਸਾ ਬਿਤਾਈ।
ਮਿਲ੍ਯੋ ਚਹਤਿ ਹੌਂ ਪਰਿ ਸ਼ਰਨਾਈ।'

[1]ਸੁਖੀ [ਫਾ. ਅਸੂਦਾ = ਖੁਸ਼ਹਾਲ]।

[1]ਸਿਆਣਪ ਨਾਲ [ਅ਼:, ਸ਼ਊਰ = ਸਿਆਣਪ]।

ਸੁਧਿ ਕਲਗ਼ੀਧਰਿ ਢਿਗ ਪਹੁੰਚਾਈ।
ਸੁਨਿ ਸ਼੍ਰੀ ਮੁਖ ਤੇ ਬਚ ਫੁਰਮਾਈ ॥੧੬॥
'ਪਹਿਰ ਤੀਸਰੇ ਸਜਹਿਂ ਸੁਚੇਤਾ[1]।
ਬੈਠੈਂ ਦਰਸ਼ਨ ਦੈਬੇ ਹੇਤਾ।
ਮਿਲਹੁ ਆਨਿ ਕਰਿ ਪੁਰਹੁ ਭਿਲਾਖਾ।
ਸੁਧਰੈ ਜਨਮ ਭਾਉ ਅਸ ਰਾਖਾ' ॥੧੭॥
ਗਯੋ ਸਿਵਰ ਮਹਿਂ ਨ੍ਰਿਪਤਿ ਸੁਨਾਯੋ।
ਹਰਖਤਿ ਮੁਖ ਪੰਕਜ ਬਿਕਸਾਯੋ।
ਕਰਯੋ ਹੁਕਮ 'ਹਾਥੀ ਸ਼ਿੰਗਾਰਹੁ।
ਜਲ ਤੇ ਮਲ ਕਰਿ ਰੰਗ ਨਿਕਾਰਹੁ' ॥੧੮॥
ਜ਼ਰੀਦਾਰ ਬਰ ਮਖ਼ਮਲ ਝੂਲ।
ਲਗੇ ਬ੍ਰਿੰਦ ਜਾਂਬੂਨਦ ਫੂਲ।
ਸਿਰ ਪਰ ਝਾਲਰ ਝਲਕਤਿ ਜ਼ਰੀ।
ਕਿਤ ਕਿਤ ਲਰਕਤਿ ਮੁਕਤਨਿ ਲਰੀ ॥੧੯॥
ਉਘਰਯੋ ਭਾਲ ਸੁਪੈਦਾ ਭਲੇ।
ਸ਼ਯਾਮ ਬਰਨ ਸਭਿ ਤਨ ਪਰ ਮਲੇ।
ਜਸ ਕਦ ਤਸ ਹੀ ਦਸਨ[1] ਸੁਹਾਏ।
ਹਾਟਕ ਚੂੜੇ ਰੂੜ ਚੜ੍ਹਾਏ[1] ॥੨੦॥
ਚਾਂਦੀ ਕੇ ਸਿੰਖਲ[1] ਘਰਿਵਾਏ।
ਚਾਰ ਪਗਨ ਮਹਿਂ ਰਹੇ ਸੁਹਾਏ।
ਤਿਮ ਹੀ ਕਰੇ ਤੁਰੰਗਮ ਤਯਾਰੇ।
ਜਰੇ ਜ਼ੀਨ ਜਾਂਬੂਨਦ ਡਾਰੇ ॥੨੧॥
ਸ਼ਸਤ੍ਰ ਪੰਚਕਲ, ਚੌਂਕੀ ਚਾਰੂ।
ਜਾਮ ਕਟੋਰਾ ਸ਼ੁਭ ਦੁਤਿ ਵਾਰੂ।
ਕੰਕਨ ਕੰਚਨ ਬੱਜ੍ਰ[1] ਜਰਾਏ।
ਬਹੁ ਬਨਾਵ ਕੇ ਬਸਤ੍ਰ ਬਨਾਏ ॥੨੨॥
ਤਯਾਰ ਕਰੀ ਇੱਤਯਾਦਿ ਅਕੋਰ।
ਅਰਪਨਿ ਸ਼੍ਰੀ ਗੁਰ ਹਿਤ ਕਰ ਜੋਰਿ।
ਬਸਤ੍ਰ ਬਿਭੂਖਨ ਮੋਲ ਘਨੇਰੇ।

[1]ਭਾਵ ਤਿਆਰ ਬਰਤਿਆਰ ਹੋਵਾਂਗੇ।

[1]ਦੰਦ।

[1]ਸੋਨੇ ਦੀਆਂ ਚੂੜੀਆਂ ਦੰਦਾਂ ਤੇ ਸੁੰਦਰ ਚੜ੍ਹਾਈਆਂ ਹੋਈਆਂ।

[1]ਸੰਗਲ।

[1]ਹੀਰੇ।

ਪਹਿਰਨਿ ਤਨ ਸਤਿਗੁਰ ਤਿਸ ਬੇਰੇ ॥੨੩॥
ਸਚਿਵ ਸੈਨ ਸਭਿਹੂੰ ਸ਼ੁਭ ਬਨੇ।
ਬਸਤ੍ਰ ਸ਼ਸਤ੍ਰ ਧਰਿ ਜੇ ਮੁਲ ਘਨੇ।
ਇਮ ਤਜਾਰੀ ਕਰਿਤੇ ਸਭਿ ਰੀਤਿ।
ਤੀਨ ਪਹਿਰ ਗਜ਼ੋ ਬਾਸੁਰ ਬੀਤ ॥੨੪॥
ਤਿਸ ਛਿਨ ਆਇ ਮੇਵਰਾ ਗਯੋ।
ਭੂਪਤਿ ਸਾਥ ਭਾਖਤੋ ਭਯੋ।
'ਸਭਾ ਬਿਖੈ ਭਾ ਗੁਰ ਆਗਵਨੂੰ।
ਸਿਖ ਉਡਗਨ ਮਹਿਂ ਸਸਿ[1] ਗੁਨ ਭਵਨੂੰ ॥੨੫॥ [1]ਚੰਦ੍ਰਮਾਂ ਰੂਪ।
ਬੈਠੇ ਪਾਵਨਿ ਦਰਸ਼ਨ ਹੇਤੁ।
ਸੰਗਤਿ ਸਕਲ ਮਨੋਰਥ ਲੇਤਿ।'
ਰਤਨਰਾਇ ਸੁਨਿ ਹਰਖਤਿ ਭਯੋ।
'ਲੇ ਸਭਿ ਚਲਹੁ' ਹੁਕਮ ਕਰਿ ਦਯੋ ॥੨੬॥
ਬਸਤ੍ਰ ਬਿਭੂਖਨ ਗਨ ਦੀਨਾਰ।
ਲੇ ਕਰਿ ਗਮਨੇ ਭਰਿ ਭਰਿ ਥਾਰ।
ਅਪਰ ਵਸਤੁ ਸਭਿ ਕਰੇ ਅਗਾਰੀ।
ਨਗਨ ਪਗਨ ਨ੍ਰਿਪ ਚਲਜ਼ੋ ਪਿਛਾਰੀ ॥੨੭॥
ਸਚਿਵ ਸੁਭਟ ਨਿਜ ਸਾਥ ਮਿਲਾਏ।
ਗਮਨੇ ਮਾਨਵ ਹ੍ਵੈ ਸਮੁਦਾਏ।
ਪੌਰ ਸਭਾ ਕੋ ਤਹਿਂ ਚਲਿ ਆਯੋ।
ਹਾਥ ਜੋਰਿ ਕਰਿ ਸੀਸ ਨਿਵਾਯੋ ॥੨੮॥
ਅੰਤਰ ਪ੍ਰਵਿਸ਼ੇ ਸਿਰ ਕਰਿ ਨੀਵਾ।
ਵਾਹਿਗੁਰੂ ਕਹਿ ਭਾਵ ਅਤੀਵਾ[1]। [1]ਬਹੁਤ ਹੀ ਪਿਆਰ (ਨਾਲ)।
ਪਿਖੀ ਦੂਰ ਤੇ ਗੁਰ ਕੀ ਮੂਰਤਿ।
ਬੈਠੇ ਮਨਹੁ ਚੰਦ ਕੀ ਸੂਰਤ ॥੨੯॥
ਝੂਲਤਿ ਕਲਗ਼ੀ ਦਮਕਤਿ ਮੋਤੀ।
ਜਿਗਾ ਬੰਧੀ ਹੀਰਨ ਦੁਤਿ ਹੋਤੀ।
ਚਮਰ ਢੁਰਤਿ ਹੈ ਬਾਰੰਬਾਰੀ।

ਥਿਰੇ ਸੁਹਾਵਤਿ ਸਭਾ ਮਝਾਰੀ ॥੩੦॥
ਜਨੁ ਦੇਵਨ ਮਹਿਂ ਬਿਸ਼ਨੁ ਕ੍ਰਿਪਾਲਾ।
ਗ੍ਯਾਨ ਨਿਧਾਨ ਮਹਾਨ ਉਜਾਲਾ।
ਤੂਰਨ ਕਰਤਿ ਪਰ੍ਯੋ ਪਗ ਜਾਈ।
ਸਕਹਿ ਨਹੀਂ ਪੁਨ ਸੀਸ ਉਠਾਈ ॥੩੧॥
ਕ੍ਰਿਪਾ ਦ੍ਰਿਸ਼ਟਿ ਤੇ ਗੁਰੂ ਬਿਲੋਕਾ।
'ਉਠਹੁ ਭੂਪ! ਸੁਧਰੇ ਜੁਗ ਲੋਕਾ।'
ਮਾਨਿ ਬਾਕ ਕੋ ਸੀਸ ਉਠਾਯੋ।
ਬੈਠ੍ਯੋ ਸਨਮੁਖ ਪ੍ਰੇਮ ਵਧਾਯੋ ॥੩੨॥
ਕੁਸ਼ਲ ਪ੍ਰਸ਼ਨ ਸ਼੍ਰੀ ਸਤਿਗੁਰ ਕੀਨੋ।
ਹਾਥ ਜੋਰਿ ਤਿਨ ਸਭਿ ਕਹਿ ਦੀਨੋ।
ਤਬਿ ਮੰਤ੍ਰੀ ਕਰ ਜੋਰਿ ਬਖਾਨਾ।
'ਬਡੇ ਗੁਰੂ[1] ਪਹੁੰਚੇ ਤਿਸ ਥਾਨਾ ॥੩੩॥
ਰਾਜਾ ਰਾਮ[1] ਮਿਲ੍ਯੋ ਮਹਿਪਾਲਾ।
ਕੀਨਿ ਬੇਨਤੀ ਇਮ ਤਿਸ ਕਾਲਾ।
-ਜਤਨ ਕਰੇ ਉਪਜ੍ਯੋ ਨਹਿਂ ਬਾਲਿਕ।
ਬਖਸ਼ਹੁ ਆਪ ਰਾਜ ਕੋ ਮਾਲਿਕ- ॥੩੪॥
ਕ੍ਰਿਪਾ ਕਰੀ ਗੁਰ ਮੁਹਰ ਲਗਾਈ।
ਦਯੋ ਪੁੱਤ੍ਰ ਇਹ, ਬਜੀ ਵਧਾਈ।
ਤਿਸ ਤੇ ਚਿੰਨ੍ਹਤਿ ਸਿਰ ਇਸ ਕੇਰਾ।
ਦਰਪਨ ਮਹਿਂ ਦੇਖ੍ਯੋ ਜਿਸ ਬੇਰਾ ॥੩੫॥
ਸਭਿ ਪ੍ਰਸੰਗ ਜਨਨੀ ਤੇ ਸੁਨ੍ਯੋਂ।
ਅਨੰਦ ਉਪਾਇ ਆਵਨੋ ਭਨ੍ਯੋ।'
ਪੁਨਹਿ ਉਪਾਇਨ ਕੀਨਿ ਜਨਾਵਨਿ।
ਪ੍ਰਿਥਕ ਪ੍ਰਿਥਕ ਸਭਿ ਕਰ੍ਯੋ ਬਤਾਵਨਿ ॥੩੬॥
ਪ੍ਰਥਮ ਮਤੰਗ ਅਜਬ ਦਿਖਰਾਯੋ।
ਜਿਹ ਸਮ ਦੁਤੀ ਨ ਜਗ ਮਹਿਂ ਜਾਯੋ[1]।
ਪੰਚ ਤੁਰੰਗ ਅਗਾਰੀ ਕਰੇ।
ਕੰਚਨ ਜ਼ੀਨ ਜਿਨਹੁ ਪਰ ਪਰੇ ॥੩੭॥
ਸ਼ਸਤ੍ਰ ਬਿਭੂਖਨ ਬਸਤ੍ਰ ਘਨੇਰੇ।

[1]ਭਾਵ ਸ਼੍ਰੀ ਗੁਰੂ ਤੇਗ ਬਹਾਦਰ ਜੀ।

[1]ਰਤਨ ਰਾਇ ਦੇ ਪਿਤਾ ਦਾ ਨਾਮ ਹੈ।

[1]ਨਹੀਂ ਪੈਦਾ ਹੋਇਆ।

ਸ਼ਸਤ੍ਰ ਧਰੇ ਸਤਿਗੁਰੂ ਅਗੇਰੇ।
ਦੇਖਤਿ ਖੁਸ਼ੀ ਬਿਸਾਲ ਦਈ ਹੈ।
-ਸੁਖ ਪ੍ਰਾਪਤਿ- ਅਰਦਾਸ ਭਈ ਹੈ
॥੩੮॥
ਭਯੋ ਨਿਹਾਲ ਖੁਸ਼ੀ ਕੌਂ ਲੇਯ।
ਦਰਸ਼ਨ ਦੇਖਤਿ ਅਨੰਦ ਧਰੇਯ।
ਬਹੁ ਅਸਾਮ ਦੇਸ਼ਨ ਕੀ ਗਾਥਾ।
ਬੂਝਤਿ ਰਤਨ ਰਾਇ ਕੇ ਸਾਥਾ ॥੩੯॥
ਸਚਿਵਨ ਸਹਿਤ ਬਖਾਨਹਿਂ ਤੈਸੇ।
ਕਲ਼ਗੀਧਰ ਕੇ ਰੁਖ਼ ਹੁਇ ਜੈਸੇ।
ਦੇਸ਼ ਰੁ ਅਪਨੋ ਸਰਬ ਬ੍ਰਿਤੰਤ।
ਕਰਜੋ ਸੁਨਾਵਨਿ ਗੁਰ ਭਗਵੰਤ[1] ॥੪੦॥ — [1]ਗੁਰੂ ਜੀ ਨੂੰ।
ਖਟ ਘਟਕਾ ਲਗਿ ਬੈਠੇ ਰਹੇ।
ਰਤਨ ਰਾਇ ਅਰੁ ਗੁਰ ਮੁਦ ਲਹੇ।
ਗਜ ਕੇ ਗੁਨ ਬਰਨਨ ਬਹੁ ਕਰੇ।
'ਸੀਛਤਿ ਬਡੋ ਕਹਿਨ ਅਨੁਸਰੇ[1] ॥੪੧॥ — [1]ਸਿਖਿਆ ਹੋਇਆ ਹੈ ਤੇ ਆਖਣ ਅਨੁਸਾਰ (ਕੰਮ ਕਰਦਾ ਹੈ)।
ਜਿਮ ਚਾਹਹੁ ਪ੍ਰਭੁ ਜੀ ਕਰਿਵਾਵਹੁ।
ਨਿਤ ਦੇਖਹੁ ਪਰਖਹੁ ਹਰਖਾਵਹੁ।
ਪੰਚਕਲਾ ਇਹ ਸ਼ਸਤ੍ਰ ਬਿਸਾਲਾ।
ਕਰਹਿ ਕਾਜ ਬਹੁਤੇ ਰਣ ਕਾਲਾ ॥੪੨॥
ਬਰਛੀ, ਜਮਧਰ, ਖੜਗ, ਤਮਾਂਚਾ।
ਚਹੌਂ ਸੁ ਕਰੋ ਰੋਸ ਰਣ ਰਾਚਾ।
ਦੁਸ਼ਮਨ ਹਤਹੁ ਦਾਵ ਜਸ ਹੋਇ[1]। — [1]ਜਿਹੋ ਜਿਹਾ ਦਾਉ ਹੋਵੇ।
ਇਸ ਤੇ ਬਚਿ ਕੈ ਜਾਇ ਨ ਕੋਇ ॥੪੩॥
ਇਹ ਚੌਕੀ ਪ੍ਰਭੁ ਅਜਬ ਬਿਸਾਲੀ।
ਸਭਿ ਕੀ ਸੈਲ ਕੀਜੀਅਹਿ ਕਾਲੀ[1]। — [1]ਕਲ ਨੂੰ।
ਬਡੇ ਜਤਨ ਤੇ ਵਸਤੁ ਮੰਗਾਈ।
ਮੁਖ ਮਾਂਗਜੋ ਦਿਯੋ ਮੋਲ ਪਠਾਈ ॥੪੪॥
ਦੂਰ ਦੂਰ ਤੇ ਸੁਨਿ ਸੁਨਿ ਆਛੀ।
ਹੇਤੁ ਆਪ ਕੇ ਅਰਪਨਿ ਬਾਛੀ।
ਸਦਾ ਦਾਸ ਮੈਂ ਸਤਿਗੁਰ ਘਰ ਕੋ।

ਸਿੱਖੀ ਬਖਸ਼ਹੁ ਦੇ ਕਰਿ ਬਰ ਕੋ ॥੪੫॥
ਸੁਨਤਿ ਮਹਾਤਮ[1] ਉਪਜਯੋ ਪ੍ਰੇਮ।
ਸ਼੍ਰੀ ਗੁਰ ਦਾਤਾ ! ਦੇ ਗੁਰ ਛੇਮ[†]।
ਅਪਨੋ ਜਾਨਿ ਭੁਜਾ ਪਕਰੀਜੈ।
ਚਰਨ ਕਮਲ ਕੀ ਪਾਹੁਲ ਦੀਜੈ' ॥੪੬॥
ਬਿਨਤੀ ਸੁਨਤਿ ਪ੍ਰਸੰਨ ਪ੍ਰਭੁ ਪੂਰੇ।
ਆਨੀ ਲਖੀ ਉਪਾਇਨ ਰੂਰੇ।
ਪ੍ਰੇਮੀ ਹੇਰਿ ਖੁਸ਼ੀ ਬਹੁ ਕਰੀ।
ਜਨਮ ਮਰਨ ਕੀ ਅਪਦਾ ਹੇਰੀ ॥੪੭॥
ਬੰਦਨ ਕਰਿ ਰਾਜਾ ਤਬਿ ਗਯੋ।
ਪਿਖਿ ਸੁਸ਼ੀਲ ਗੁਰ ਕੋ ਹਰਖਯੋ।
ਹਯ ਗਯ ਸੌਂਪੇ ਦਾਸਨਿ ਪਾਸ।
'ਖੈਬੇ ਦੇਹੁ ਨਿਹਾਰੀ ਘਾਸ' ॥੪੮॥

[1]ਆਪ ਜੀ ਦਾ ਮਹਾਤਮ।
[†]ਪਾ:-ਸ਼੍ਰੀ ਗੁਰਦਾਤੇ ਜੇ ਗਨ ਛੇਮ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਆਸਾਮ ਨ੍ਰਿਪ ਮੇਲ' ਪ੍ਰਸੰਗ ਬਰਨਨੰ ਨਾਮ ਜੁਗ ਬਿੰਸਤੀ ਅੰਸੂ ॥੨੨॥

੨੩. [ਰਤਨ ਰਾਇ ਦੀਆਂ ਉਪਹਾਰਾਂ]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਨਿਸਾ ਬਿਤਾਇ ਪ੍ਰਭਾਤਿ ਭੀ, ਠਾਨੇ ਸੌਚ ਸ਼ਨਾਨ।
ਗੁਰ ਦਰਬਾਰ ਲਗਾਇ ਕਰਿ, ਬੈਠੇ ਮੁਦਤ ਸੁਜਾਨ ॥੧॥

ਚੌਪਈ:

ਪਠਜੋ ਮੇਵੜਾ ਨ੍ਰਿਪ ਬੁਲਵਾਯੋ।
ਮੁਦਤਿ ਸਚਿਵ ਜੁਤਿ ਚਲਿ ਕਰਿ ਆਯੋ।
ਕਰਿ ਬੰਦਨ ਬੈਠਜੋ ਪ੍ਰਭੁ ਤੀਰ।
ਖੜਗ ਸਿਪਰ ਜੁਤਿ ਸ਼ੁਭਿਤਿ ਸ਼ਰੀਰ ॥੨॥
ਪ੍ਰਥਮੈ ਚੌਕੀ ਸੋ ਮੰਗਵਾਈ।
ਦਾਬੀ ਕਲ ਪੁਤਲੀ ਨਿਕਸਾਈ।
ਚੌਪਰ ਕੌ ਬਿਛਾਇ ਕਰਿ ਦੀਨਿ।
ਡਲ ਗੇਰਤਿ ਖੇਲਤਿ ਲਖਿ ਲੀਨਿ ॥੩॥
ਪੰਚਕਾਲਾ ਪੁਨ ਸ਼ਸਤ੍ਰ ਮੰਗਾਯੋ।
ਕਸਜੋ ਤਮਾਂਚਾ ਪ੍ਰਥਮ ਚਲਾਯੋ।
ਬਡੋ ਸ਼ਬਦ ਭਾ ਤੋੜ[1] ਘਨੇਰਾ।
-ਹਤਹਿ ਸ਼ੱਤ੍ਰ ਨੀਕੇ- ਗੁਰ ਹੇਰਾ ॥੪॥
ਪੁਨ ਕਲ ਦਾਬੇ ਭਯੋ ਕ੍ਰਿਪਾਨ।
ਤੀਖਨ ਧਾਰਾ ਦਿਖਜੋ ਮਹਾਂਨ।
ਗਹਿ ਕਬਜ਼ਾ ਕਰ ਮਹਿਂ ਪ੍ਰਭੁ ਤਬੈ।
ਇਤ ਉਤ ਕਰਿ ਦੇਖਜੋ ਸ਼ੁਭ ਤਬੈ ॥੫॥
ਪੁਨ ਬਰਛੀ ਕਰਿ ਕੈ ਦਿਖਰਾਈ।
ਤੀਖਨ ਅਨੀ ਘਨੀ ਰਿਪੁ ਘਾਈ।
ਪੁਨ ਜਮਧਰ ਕੋ ਤਿਸ ਤੇ ਕਰਜੋ।
ਸੁੰਦਰ ਪਰੇ[1] ਹਾਥ ਮਹਿਂ ਧਰਜੋ ॥੬॥
ਖਰ ਧਾਰਾ ਅਰੁ ਅਨੀ ਮਹਾਨੇ।
ਸ਼ੱਤ੍ਰ ਉਦਰ ਕੋ ਧਸਿ ਕਰਿ ਹਾਨੇ।
ਪਟੇਦਾਰ[1] ਪੁਨ ਗੁਰਜ ਬਨਾਈ।
ਲਗਹਿਂ ਸੀਸ ਪੁਨ ਬਚਨਿ ਨ ਪਾਈ

[1]ਜਦ ਤੋੜਾ ਲਾਇਆ।

[1]ਸੁਹਣੀ ਲਗਦੀ ਹੈ।

[1]ਤਲਵਾਰ ਦੀ ਮੁੱਠ ਵਰਗੀ ਮੁੱਠ ਵਾਲਾ। [ਇਕ ਹੋਰ ਗੁਰਜ ਹੇਠੋਂ ਨੋਕਦਾਰ ਹੁੰਦਾ ਹੈ] (ਅ) ਫਾੜੀਦਾਰ ਗੁਲਿਆਈ ਵਾਲਾ।

॥੭॥
ਸਭਿ ਕਲ ਪਰਖਤਿ ਹਰਖਤਿ ਨਾਥ।
ਸ਼ਸਤ੍ਰ ਅਜਾਇਬ ਧਰਿ ਕਰਿ ਹਾਥ।
ਬਹੁਰ ਤੁਰੰਗਮ ਸਭਿ ਫਿਰਿਵਾਇ।
ਮ੍ਰਿਗਨ ਸਮਾਨ ਧਵਾਇ ਕੁਦਾਇ ॥੮॥
ਜਰੇ ਜ਼ੀਨ ਜਾਂਬੂਨਦ ਕੇਰੇ।
ਰਤਨਰਾਇ ਕੋ ਪ੍ਰੇਮ ਬਡੇਰੇ।
ਕ੍ਰਿਪਾ ਦ੍ਰਿਸ਼ਟਿ ਤੇ ਪਿਖਹਿਂ ਗੁਸਾਈਂ।
ਵਸਤੁ ਅਜਬ ਆਨੀ ਸਮੁਦਾਈ ॥੯॥
ਪੁਨਹਿ ਮਤੰਗ ਅਨਾਵਨਿ ਕੀਨੋ।
ਸੁੰਦਰ ਸਰਬ ਸ਼ਿੰਗਾਰ ਨਵੀਨੋ।
ਸ਼੍ਰੀ ਕਲਗ਼ੀਧਰ ਨਿਕਟਿ ਹਕਾਰਾ।
ਝੂਲਤਿ ਪਹੁੰਚਜੋ ਭਲੇ ਨਿਹਾਰਾ ॥੧੦॥
ਕਦ ਮਹਿਖੇ[1] ਸਮ, ਸਦਨ ਅਨੰਦ[2]।

[1]ਮਹਿਂ ਦਾ ਨਰ, ਭਾਵ ਸੰਢੇ ਵਰਗਾ ਕੱਦ। [2]ਆਨੰਦ ਦਾ ਘਰ।

ਤਿਨ ਦਿਸਿ[1] ਪ੍ਰੇਰਤਿ ਸੁੰਡ ਬਿਲੰਦ।

[1]ਭਾਵ ਸ਼੍ਰੀ ਗੁਰੂ ਜੀ ਵਲ।

ਪ੍ਰਭੁ ਪੇਖਿ ਤਿਹ ਹਾਥ ਲਗਾਯੋ।
ਮ੍ਰਿਦੁਲ ਦਿਲਾਸਾ ਦੈ ਠਹਿਰਾਯੋ ॥੧੧॥
ਹਟਿ ਪੁਨ ਗੁਰ ਪਨਹੀ ਜਹਿਂ ਧਰੀ।
ਸੁੰਡ ਬਿਖੈ ਗਹਿ ਝਾਰਨਿ ਕਰੀ।
ਭਲੇ ਬਨਾਇ ਟਿਕਾਇ ਅਗਾਰੀ।
ਬਿਸਮਤਿ ਸਭਾ ਬਿਲੋਕਤਿ ਸਾਰੀ ॥੧੨॥
ਗਹਿ ਸਤਿਗੁਰ ਧਨੁ ਬਾਨ ਚਲਾਏ।
ਪ੍ਰੇਰਜੋ ਗਜ, ਬੀਨਤਿ ਤਹਿਂ ਜਾਏ।
ਸਭਿ ਇਕਠੇ ਕਰਿ ਸੁੰਡ ਮਝਾਰੀ।
ਧਰੇ ਆਨਿ ਕਰਿ ਪ੍ਰਭੁ ਅਗਾਰੀ ॥੧੩॥
ਚਲਤਿ ਚਾਲ ਚੰਚਲ ਅਤਿ ਚਾਰੂ।
ਇਤ ਉਤ ਫਿਰਤਿ ਤੁਰਤ ਦੁਤਿਵਾਰੂ।
ਲਘੁ ਲਘੁ ਕਿੰਕਨ[1] ਗਰ ਮਹਿਂ ਬਾਜਹਿਂ।

[1]ਘੁੰਗਰੂ।

ਕੰਚਨ ਕਾਮ ਝੂਲ ਸ਼ੁਭ ਸਾਜਹਿ[1] ॥੧੪॥

[1]ਜਿਸ ਝੁੱਲ ਤੇ ਸੋਨੇ ਦਾ ਕੰਮ ਹੋਇਆ ਹੋਇਆ ਸੀ। (ਅ) ਸੋਨੇ ਦਾ ਸੁੰਦਰ ਝੁੱਲ...।

ਜਲ ਕੋ ਲੇ ਪੁਨ ਸੁੰਡ ਪਖਾਰੀ।

ਗਹਿਵਾਈ ਤਿਸ ਮਹਿਂ ਭਰਿ ਝਾਰੀ[1]।	[1]ਸੁਰਾਹੀ।
ਜਥਾ ਦਾਸ ਕਰ ਚਰਨ ਧੁਵਾਵਹਿ।	
ਤਥਾ ਨੀਰ ਝਾਰੀ ਤੇ ਪਾਵਹਿ ॥ ੧੫ ॥	
ਗੁਰ ਕੇ ਪਾਇ ਪਖਾਰਨਿ ਕਰੇ।	
ਪਟ ਕੌਂ ਗਹਿ ਪੌਂਛੇ ਬਿਧਿ ਖਰੇ।	
ਚਮਰ ਚਾਰੁ ਕੋ ਤਬਿ ਗਹਿਵਾਯੋ।	
ਥਿਰ ਹੁਇ ਗੁਰ ਪਰ ਭਏ ਝੁਲਾਯੋ ॥ ੧੬ ॥	
ਜਥਾ ਦਾਸ ਲੇ ਮਤਿ ਕਰਿ ਫੇਰਹਿ[1]।	[1]ਜੀਕੂੰ ਦਾਸ (= ਚੌਰ ਬਰਦਾਰ ਚੌਰ) ਲੈਕੇ ਅਕਲ ਨਾਲ ਝੁਲਾਉਂਦਾ ਹੈ।
ਤਥਾ ਫੁਕਾਵਤਿ ਚਾਮਰ ਪ੍ਰੇਰਹਿ[1]।	[1]ਹਾਥੀ) ਪ੍ਰੇਰਿਆ ਹੋਇਆ।
ਇੱਤਜਾਦਿਕ ਬਿੱਦਜਾ ਦਿਖਰਾਈ।	
ਹਰਖਤਿ ਗੁਰੂ ਸਭਾ ਬਿਸਮਾਈ ॥ ੧੭ ॥	
ਹੁਇ ਪ੍ਰਸੰਨ ਮੁਖ ਬਾਕ ਉਚਰਜੋ।	
ਨਾਮ ਪ੍ਰਸਾਦੀ ਗਜ ਕੋ ਧਰਜੋ।	
'ਸਿਤਾ ਘ੍ਰਿੱਤ ਮੈਦਾ ਸਮੁਦਾਇ।	
ਜੇਤਿਕ ਖਾਇ ਰਹੇ ਤ੍ਰਿਪਤਾਇ' ॥ ੧੮ ॥	
ਸੌਂਪਜੋ ਦਾਸਨਿ ਕੋ ਇਤ ਸੇਵਾ।	
ਭਏ ਕ੍ਰਿਪਾਲ ਪ੍ਰਭੁ ਗੁਰਦੇਵਾ।	
ਰਤਨ ਰਾਇ ਕਰ ਜੋਰਿ ਉਚਾਰਾ।	
'ਸੁਨਹੁ ਜਗਤ ਗੁਰ ਰਾਤਿ ਮਝਾਰਾ ॥ ੧੯ ॥	
ਜ੍ਵਲਤ ਮਸਾਲ ਦੇਹਿਂ ਗਹਿਵਾਈ।	
ਕਰਤਿ ਪ੍ਰਕਾਸ਼ ਚਲਜੋ ਮਗ ਜਾਈ।	
ਸੁਮਤਵੰਤਿ ਜਿਮ ਚਹਿਹਿ ਕਰਾਵਹਿ।	
ਅਵਿਲੋਕਤਿ ਲੋਕਨਿ ਬਿਸਮਾਵਹਿ ॥ ੨੦ ॥	
ਇਸ ਕੇ ਸਮ ਜਗ ਲਹੀਅਹਿ ਆਨ ਨ[1]।	[1]ਹੋਰ ਨਹੀਂ।
ਸਹਿਤ ਸੁਪੈਦੇ ਸ਼ੋਭਤਿ ਆਨਨ[1]।	[1]ਮੂੰਹ, ਮੱਥਾ।
ਨਹਿਨ ਨਗਰ ਅਰੁ ਨਹਿਂ ਕਿਸ ਕਾਨਨ[1]।	[1]ਤੇ ਨਾ ਹੀ ਕਿਸੇ ਬਣ ਵਿਚ ਹੈ।
ਕਿਤ ਦੇਖਹਿਂ ਜੇ ਸੁਨਿਯ ਨ ਕਾਨਨ[1] ॥ ੨੧ ॥	[1]ਜੇ ਕੰਨੀਂ ਨਹੀਂ ਸੁਣਿਆ ਤਾ ਦੇਖਦਾ ਕਿੱਥੋਂ ਹੈ।

ਸਰਬ ਸ਼ਿਰੋਮਣਿ ਰਾਵਰ ਜੈਸੇ।
ਵਸਤੁ ਅਮੋਲ ਪਰਾਪਤਿ ਤੈਸੇ।
ਜਾਨੀ ਪਰੇ ਕਰੇ ਅਨੁਮਾਨ[1]।
ਸੁਰਪਤਿ ਕੋ ਗਜਰਾਜ ਮਹਾਨ[1†] ॥੨੨॥

[1]ਵਿਚਾਰ ਕੀਤਿਆਂ।
ਇੰਦ੍ਰ ਦਾ (ਜੋ) ਐਰਾਵਤ ਵੱਡਾ (ਹਾਥੀ) ਹੈ...।
[†]ਪਾ:-ਸਮਾਨ।

ਨਿਜ ਤਨ ਕੋ ਤੁਮ ਹਿਤ ਪਲਟਾਯੋ।
ਅਲਪ ਅਕਾਰ ਬਚਿੱਤ੍ਰ ਬਨਾਯੋ।
ਕਰਨਿ ਆਪ ਕੋ ਮੁਦਤਿ ਬਡੇਰੋ।
ਆਯੋ ਸ਼ਰਨਿ ਲੀਨਿ ਮਿਸ ਮੇਰੋ[1] ॥੨੩॥

[1]ਮੇਰੇ ਬਹਾਨੇ।

ਹੇਤੁ ਰਿਝਾਵਨਿ ਤੁਮਹਿਂ ਬਿਧਾਤਾ[1]।
ਕਿਧੌਂ ਪਠਯੋ ਰਚਿ ਕਰਿ ਗਜ ਗਾਤਾ[1]।
ਇੱਤਜਾਦਿਕ ਕਾਰਨ ਕੁਛ ਹੋਇਂ।
ਨਾਂਹਿ ਤ ਇਹ ਸਮ ਦੁਤਿਯ ਨ ਕੋਇ' ॥੨੪॥

[1]ਬਿਧਾਤਾ ਨੇ ਆਪ ਨੂੰ ਪ੍ਰਸੰਨ ਕਰਨ ਵਾਸਤੇ।
[1]ਹਾਥੀ ਦਾ ਸਰੀਰ।

ਰਤਨ ਰਾਇ ਕੇ ਸੁਨਿ ਸ਼ੁਭ ਬੈਨ।
ਖੁਸ਼ੀ ਕੀਨਿ ਗੁਰ ਕਰੁਨਾ ਨੈਨ।
'ਸ਼ਸਤ੍ਰ ਮਤੰਗ ਆਦਿ ਵਥੁ ਜੇਈ।
ਲਜਾਇ ਅਜਾਇਬ ਹਮ ਹਿਤ ਤੇਈ ॥੨੫॥

ਪ੍ਰੇਮ ਬਿਸਾਲ ਅਹੈ ਜਸ ਤੇਰੇ।
ਤਸ ਪ੍ਰਾਪਤਿ ਫਲ ਅਨੰਦ ਬਡੇਰੇ।
ਪੂਰਬ ਜਨਮ ਹੁਤੋ ਗੁਰ ਸਿੱਖ।
ਨ੍ਰਿਪ ਕੋ ਦਿਯ ਸੁਖ ਭੋਗ ਭਵਿੱਖਯ[1]' ॥੨੬॥

[1]ਤਦੋਂ ਤੈਨੂੰ ਰਾਜਾਪਨੇ ਦੇ ਸੁੱਖਾਂ ਦੇ ਭੋਗ ਭਵਿੱਖਤ ਵਿੱਚ ਦਿੱਤੇ ਸਨ ਭਾਵ ਵਰ ਦਿੱਤਾ ਸੀ ਕਿ ਤੂੰ ਅਗਲੇ ਜੁਗ ਰਾਜਾ ਹੋ ਕੇ ਸੁਖ ਭੋਗੇਂਗਾ।

ਇਮ ਕਹਿ ਪਦ ਅਰਬਿੰਦ ਪਖਾਰੇ।
ਪਾਹੁਲ ਦਈ ਭਾਗ ਜਿਸ ਭਾਰੇ।
ਵਾਹਿਗੁਰੂ ਨਿਜ ਮੰਤ੍ਰ ਦ੍ਰਿੜ੍ਹਾਯੋ।
ਭੋਗ ਮੋਖ ਦਾ ਭਲੇ ਬਤਾਯੋ ॥੨੭॥
ਸਚਿਵਨ ਸਹਿਤ ਚਮੂੰ ਨਰ ਬ੍ਰਿੰਦ।
ਲੇ ਪਗ ਪਾਹੁਲ ਅਧਿਕ ਅਨੰਦ।
ਪ੍ਰੇਮ ਬਿਸਾਲ ਸਿੱਖ ਹੁਇ ਰਾਜਾ।
ਕ੍ਰਿਤ ਕ੍ਰਿਤ ਹੋਯੋ ਸਹਿਤ ਸਮਾਜਾ

॥੨੮॥
ਕਰਤਿ ਸੁਜਸੁ ਕੋ ਗਮਨਜੋਂ ਡੇਰੇ।
ਰਹਜੋ ਅਨੰਦਪੁਰਿ ਦਿਨ ਬਹੁਤੇਰੇ।
ਦਰਸ਼ਨ ਜਾਇ ਨਿਤਾਪ੍ਰਤਿ ਕਰੈ।
ਬੈਠਹਿ ਕਿਤਿਕ ਕਾਲ ਮੁਦ ਧਰੈ ॥੨੯॥
ਸਤਿਗੁਰ ਪਰਚਹਿਂ ਗਜ ਮੰਗਵਾਵਹਿਂ।
ਆਨ ਕਾਜ ਤਿਸ ਤੇ ਕਰਿਵਾਵਹਿਂ।
ਕਬਿ ਪੁਤਲੀਨ ਬਿਲੋਕਿ ਤਮਾਸ਼ਾ।
ਜੋ ਕਲ ਦਾਬੇ ਗੇਰਤਿ ਪਾਸਾ ॥੩੦॥
ਕਬਹੂੰ ਸ਼ਸਤ੍ਰ ਅਜਾਇਬ ਹੇਰੈਂ।
ਬਨਹਿ ਅਪਰ ਬਿਧਿ ਜਬਿ ਕਲ ਫੇਰੈਂ।
ਕਬਹੂੰ ਰਤਨ ਰਾਇ ਲੇ ਸਾਥ।
ਚਢਹਿਂ ਅਖੇਰ ਬ੍ਰਿੱਤ[1] ਕੌ ਨਾਥ ॥੩੧॥ [1]ਸ਼ਿਕਾਰ।
ਬਨ ਮਹਿਂ ਬਿਚਰਹਿਂ ਮ੍ਰਿਗਨਿ ਪ੍ਰਹਾਰਹਿਂ।
ਸ਼ਿਕਰੇ ਸ੍ਵਾਨ ਬਾਜ ਖਗ ਮਾਰਹਿਂ।
ਕਬਹੁੰ ਕਰਹਿਂ ਕ੍ਰੀੜਾ ਜਲ ਕੇਰੀ।
ਭਿਰਹਿਂ ਦੁਦਿਸ਼ਿ ਤੇ ਛੀਂਟ ਘਨੇਰੀ ॥੩੨॥
ਕਬਹੂੰ ਆਯੁਧ ਬਿਦਜਾ ਕਰੈਂ।
ਤੀਰ ਪ੍ਰਹਾਰੈਂ ਕਰ ਧਨੁ ਧਰੈਂ।
ਕਬਹੂੰ ਕਸਹਿਂ ਤੁਫੰਗ ਚਲਾਵਹਿਂ।
ਛੋਰਹਿਂ ਹਯ ਪਰ ਚਢੇ ਧਵਾਵਹਿਂ ॥੩੩॥
ਤੋਮਰ ਫੇਰਿ ਕਵਾਇਦ ਕਰੈਂ।
ਸਮੁਖ ਅਨੀ[1] ਜਿਮ ਸ਼ੱਤ੍ਰੂ ਮਰੈਂ। [1]ਨੋਕ।
ਇਸ ਪ੍ਰਕਾਰ ਕੇ ਅਨਿਕ ਬਿਲਾਸਾ।
ਕਰਹਿਂ ਗੁਰੂ ਪੂਰਹਿਂ ਸਭਿ ਆਸ਼ਾ ॥੩੪॥
ਕਿਤਿਕ ਦਿਵਸ ਲੌ ਦੁਰਦ ਪ੍ਰਸਾਦੀ[1]। [1]ਪ੍ਰਸਾਦੀ ਹਾਥੀ।
ਕਿਸ ਥਲ ਬੰਧਜੋ ਰਹਿ ਅਹਿਲਾਦੀ[1]। [1]ਕਿਸੇ (ਇਕ) ਥਾਂ ਬੰਨ੍ਹਿਆ ਰਹੇ।
ਪਿਖਿ ਪ੍ਰਸੰਨ ਸਤਿਗੁਰੂ ਮਹਾਨਜੋਂ।
ਗਜ ਦਾਸਨ ਕੇ ਸਾਥ ਬਖਾਨਜੋ ॥੩੫॥
'ਨਹਿਨ ਪ੍ਰਸਾਦੀ ਬੰਧਨਿ ਪਾਵਹੁ।
ਇਮ ਹੀ ਛੋਰਹੁ ਸੇਵ ਕਮਾਵਹੁ।

ਫਿਰਹਿ ਅਨੰਦਪੁਰਿ ਜਹਿਂ ਜਹਿਂ ਕਹਾਂ।
ਆਪੇ ਥਿਰੈ ਜਹਾਂ ਰੁਚਿ ਤਹਾਂ ॥੩੬॥
ਕੇਤਿਕ ਦਿਵਸ ਦਾਸ ਰਹਿਂ ਸੰਗ।
ਕਰਹਿਂ ਪਿਖਿਨਿ ਜਹਿਂ ਫਿਰਹਿ ਮਤੰਗ।
ਜਬਿ ਹਿਲ ਜਾਇ ਹਟਕ ਤਬਿ ਰਹੈਂ[1]।
ਦੇਹਿਂ ਖੁਆਇ ਖੁਰਾਕ ਜਿ ਅਹੈ' ॥੩੭॥
ਸੁਨਿ ਗੁਰ ਹੁਕਮ ਛੋਰਿ ਫਿਰ ਦੀਨਾ।
ਜਹਿਂ ਕਹਿਂ ਬਿਚਰਹਿ ਭਾ ਬਹੁ ਪੀਨਾ[1]।
ਫਿਰਹਿ ਬਜਾਰ ਬਿਖੈ ਬਹੁ ਬਾਰਿ।
ਬਨਕਨ ਕੋ ਕਰਿ ਦੇਤਿ ਬਿਗਾਰ ॥੩੮॥
ਮੋਦਕ ਆਦਿ ਧਰੇ ਪਕਵਾਨ।
ਜਹਿਂ ਕਹਿਂ ਕਰਤਿ ਫਿਰਤਿ ਸੋ ਖਾਨ।
ਅੰਨ ਆਦਿ ਖੈਬੇ ਵਥੁ ਜੋਇ।
ਬਿਚਰਤਿ ਬਦਨ ਪਾਇਲੇ ਸੋਇ ॥੩੯॥
ਮਿਲ ਬਨੀਏਂ ਸਤਿਗੁਰ ਢਿਗ ਆਏ।
'ਕੁੰਚਰ ਕਰਹਿ ਬਿਗਾਰ' ਸੁਨਾਏ।
'ਔਚਕ ਸੌਦਾ ਕਰਤਿ ਬਖੇਰਤਿ[1]।
ਬਰਜਤਿ ਬਰਜਤਿ ਤਤਛਿਨ ਗੇਰਤਿ ॥੪੦॥
ਸਰਬ ਦਿਵਸ ਬਿਚਰਤਿ ਤਹਿਂ ਆਵਤਿ।
ਗਨ ਪਕਵਾਨ ਖਾਇ ਕਰਿ ਜਾਵਤਿ।
ਡਰਹਿਂ ਆਪ ਤੇ ਹਤਹਿਂ ਨ ਦੰਡਾ।
ਪ੍ਰੇਰਤਿ ਇਤ ਉਤ ਫੇਰਤਿ ਸੁੰਡਾ' ॥੪੧॥
ਸੁਨਿ ਕਲਗੀਧਰ ਕਰੀ ਗੁਹਾਰਾ[1]।
ਸੰਗ ਮਸੰਦਨ ਹੁਕਮ ਉਚਾਰਾ।
'ਜਿਤਕ ਬਨਕ ਕੋ ਹੁਇ ਨੁਕਸਾਨ।
ਕਰਹਿ ਪ੍ਰਸਾਦੀ ਜਾਇ ਦੁਕਾਨ ॥੪੨॥
ਸੋ ਸਰਕਾਰਹਿਂ[1] ਤੇ ਦਿਹੁ ਦਰਬ।
ਸੰਧਜਾ ਸਮੈ ਬੂਝਿ ਲੇਹੁ ਸਰਬ।'
ਸੁਨੀ ਬਨਿਅਨਿ ਮਨ ਆਨੰਦ ਉਪੰਨਾ।
ਜਥਾ ਜੋਗ ਗੁਰ ਕੋ ਬਚ ਮੰਨਾ ॥੪੩॥

[1]ਜਦੋਂ ਹਿਲ ਜਾਵੇ ਤਦੋਂ (ਤੁਸਾਂ) ਹਟ ਜਾਣਾ (ਨਾਲ ਜਾਣੋਂ)।

[1]ਬੜਾ ਮੋਟਾ ਹੋ ਗਿਆ।

[1]ਖਿੰਡਾ ਦਿੰਦਾ ਹੈ।

[1]ਆਵਾਜ਼ ਦਿੱਤੀ ਭਾਵ ਹੁਕਮ ਦਿੱਤਾ।

[1]ਸਰਕਾਰੋਂ ਭਾਵ ਸਤਿਗੁਰੂ ਜੀ ਦੇ ਖਜ਼ਾਨੇ ਵਿਚੋਂ।

ਸਗਰੇ ਪੁਰਿ ਮਹਿਂ ਬਿਚਰਤਿ ਰਹੈ।
ਲੋਕ ਹਜ਼ਾਰਹੁਂ ਹੇਰਤਿ ਅਹੈਂ।
ਦੂਰ ਦੂਰ ਕੀ ਸੰਗਤਿ ਆਵੈ।
ਪਿਖਿ ਅਦਭੁਤ ਕੋ ਸਭਿ ਬਿਸਮਾਵੈਂ ॥ ੪੪ ॥
ਰਤਨਰਾਇ ਰਹਿ ਕੇਤਿਕ ਮਾਸ।
ਪਿਖਿ ਸਤਿਗੁਰ ਕੇ ਅਨਿਕ ਬਿਲਾਸ।
ਸ਼੍ਰੀ ਗੁਜਰੀ ਢਿਗ ਜਨਨੀ ਸਹਿਤ।
ਪਹੁੰਚੈ ਬਾਰਿ ਬਾਰਿ ਸੁਖ ਲਹਿਤਿ ॥ ੪੫ ॥
ਤਿਮ ਕਲਗ਼ੀਧਰ ਕੇਤਿਕ ਦਰਸ਼ਨ।
ਬਾਰਿ ਬਾਰਿ ਪਗ ਪੰਕਜ ਪਰਸਨ।
ਅਪਨਿ ਦੇਸ਼ ਹਿਤ ਕਰਨਿ ਚਢਾਈ।
ਹਾਥ ਜੋਰਿ ਕਰਿ ਜਾਚਿ ਬਿਦਾਈ ॥ ੪੬ ॥
ਸਤਿਗੁਰ ਕਹਿ ਕਹਿ ਬਹੁਤ ਟਿਕਾਯੋ।
ਪੁਨ ਓਰਕ ਚਲਿਬੋ ਬਨਿ ਆਯੋ।
ਅਧਿਕ ਪ੍ਰੇਮ ਤੇ ਨ੍ਰਿਪ ਨਹਿਂ ਚਹੈ।
ਹੁਇ ਕਰਿ ਤਜਾਰ ਬਹੁਰ ਪੁਰਿ ਰਹੈ ॥ ੪੭ ॥
ਜ਼ਰੀ ਦੁਸ਼ਾਲੇ ਕੋ ਸਿਰੁਪਾਊ।
ਬਖਸ਼ਜੋ ਗੁਰੂ ਲੀਨਿ ਚਿਤਚਾਊ।
ਕਹੈ ਭੂਪ 'ਜਿਮ ਸੁਨਜੋ ਸੁਜਸੁ ਕੋ।
ਕਰਜੋ ਆਇ ਮੈਂ ਤਥਾ ਦਰਸ ਕੋ ॥ ੪੮ ॥
ਸਭਿ ਬਿਧਿ ਤੇ ਮੁਝ ਕਰਜੋ ਨਿਹਾਲ।
ਹਲਤ ਭਲੇ ਲਿਹੁਂ ਪਲਤ ਬਿਸਾਲ[1]।'

[1]ਭਾਵ ਲੋਕ ਵਿੱਚ ਮੇਰਾ ਭਲਾ ਹੋਇਆ ਹੈ ਪ੍ਰਲੋਕ ਵਿੱਚ ਬਹੁਤ ਭਲਾ (ਮੈਨੂੰ) ਪ੍ਰਾਪਤਿ ਹੋਵੇਗਾ।

ਕਹਜੋ ਨ ਜਾਇ ਗਰੋ ਭਰਿ ਗਯੋ।
ਚਰਨ ਕਮਲ ਪਰ ਸਿਰ ਧਰਿ ਦਯੋ ॥ ੪੯ ॥
ਦ੍ਰਿਗ ਜਲ ਸੰਗ ਪਖਾਰਨਿ ਕਰੇ।
ਗੁਰ ਧੀਰਜ ਦੀਨਸਿ ਮੁਦ ਧਰੇ।
ਭਗਤਿ ਗਜਾਨ ਗੁਰਸਿੱਖੀ ਸਾਥ।
ਬਖਸ਼ਿਸ ਕਰੀ ਤਬਹਿ ਗੁਰ ਨਾਥ ॥ ੫੦ ॥

ਜਨਨੀ ਸਹਿਤ ਸਚਿਵ ਗਨ ਸਬੈ।
ਕਰੀ ਕਰਿ ਨਮੋ ਪਯਾਨੇ ਤਬੈ।
ਨੀਠ ਨੀਠ ਕਰਿ ਬਿਛਰਜੋ ਰਾਜਾ।
ਚੜਿ ਕਰਿ ਚਲਜੋ ਸਮੇਤ ਸਮਾਜਾ
॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਰਾਜਾ ਬਿਦਾ ਹੋਨਿ' ਪ੍ਰਸੰਗ ਬਰਨਨੰ ਨਾਮ ਤ੍ਰੈ ਬਿੰਸਤੀ ਅੰਸੂ ॥੨੩॥

੨੪. [ਰਣਜੀਤ ਨਗਾਰਾ ਬਣਵਾਉਣਾ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਗਯੋ ਨ੍ਰਿਪਤ ਗਜ ਕੋ ਅਰਪਿ, ਚਿਤਵਤਿ ਗੁਰੂ ਬਿਹਾਲ[1]।

[1]ਗੁਰੂ ਜੀ ਨੂੰ ਚਿਤਵਦਾ (ਰਾਜਾ) ਬਿਹਾਲ ਹੁੰਦਾ ਹੈ। (ਪ੍ਰੇਮ ਨਾਲ)

ਜਥਾ ਸੁਸ਼ੀਲ ਸਰੂਪ ਕੋ, ਕਰਤਿ ਸਰਾਹ ਬਿਸ਼ਾਲ ॥੧॥

ਚੌਪਈ:

ਪੁਰੀ ਅਨੰਦ ਅਨੰਦ ਬਿਲੰਦ।
ਕਰਤਿ ਪ੍ਰਕਾਸ਼ਨਿ ਗੁਰੂ ਮੁਕੰਦ।
ਚਲੀ ਆਇ ਜਹਿਂ ਕਹਿਂ ਕੀ ਸੰਗਤਿ।
ਨਿਤ ਨਵੀਨ ਗਨ ਬੈਠਹਿਂ ਪੰਗਤਿ ॥੨॥
ਆਇਂ ਅਕੋਰਨਿ ਕੇ ਅੰਬਾਰ।
ਦੇਸ਼ ਦੇਸ਼ ਕੇ ਤੁਰੰਗ ਉਦਾਰ।
ਪਾਇ ਹੁਕਮ ਗੁਰ ਕੋ ਗਨ ਦਾਸ।
ਰਹਨਿ ਲਗੇ ਹਰਖਤਿ ਹੁਇ ਪਾਸ ॥੩॥
ਸ਼ਸਤ੍ਰ ਗਹੈਂ ਅੱਭਜਾਸ ਕਮਾਵੈਂ।
ਤੀਰ ਤੁਪਕ ਤਰਵਾਰ ਚਲਾਵੈਂ।
ਸਭਿ ਜਾਤਿਨਿ ਕੇ ਬਨਹਿਂ ਸਿਪਾਹੀ।
ਵਧਹਿ ਬੀਰ ਰਸ ਬਹੁ ਉਰ ਮਾਂਹੀ ॥੪॥
ਕੇਤਿਕ ਕਰਹਿਂ ਨੌਕਰੀ ਆਇ।
ਲੇਹਿਂ ਰੁਜ਼ੀਨਾ ਧਨ ਗਨ ਪਾਇ।
ਭਈ ਫੌਜ ਗੁਰ ਸੰਗ ਹਜ਼ਾਰੈਂ।
ਕਹਿ ਜੈ ਕਾਰਾ ਦਰਸ ਨਿਹਾਰੈਂ ॥੫॥
ਬਖਸ਼ਿਸ਼ ਬਖਸ਼ਹਿਂ ਗੁਰ ਸਮੁਦਾਯਾ।
ਅਪਨੋ ਜਾਨਿ ਕਰਹਿਂ ਬਹੁਦਾਯਾ।
ਤੀਖਨ ਸ਼ਸਤ੍ਰਨਿ ਕੋ ਗਹਿਵਾਵੈਂ।
ਚਪਲ ਬਲੀ ਹਯ ਦੇਤਿ ਧਵਾਵਹਿਂ ॥੬॥
ਨਹੀਂ ਦਮਾਮਾ[1] ਦਲ ਮਹਿਂ[2] ਚੀਨਾ।
ਸ੍ਰੀ ਸਤਿਗੁਰੂ ਬਿਚਾਰਨਿ ਕੀਨਾ।
-ਅਬਿ ਦੁੰਦਭਿ ਚਹੀਅਹਿ ਬਨਿਵਾਯੋ।
ਹਿਤ ਉਤਸਾਹ ਬਨਹਿ ਬਜਵਾਯੋ ॥੭॥
ਰਹਹਿ ਸਦਨ ਗੁਰ ਸਦਾ ਭਵਿੱਖਜ।
ਜਹਿਂ ਕਹਿਂ ਰਾਜ ਕਰਹਿਂ ਗਨ ਸਿੱਖਜ।

[1]ਧੌਂਸਾ। [2]ਸੈਨਾ ਵਿਚ।

ਸਾਗਰ ਲੌ ਅਵਨੀ ਥਲ ਸਾਰਾ।
ਬਜਹਿ ਪ੍ਰਤਾਪੀ ਗੁਰੂ ਨਗਾਰਾ- ॥੮॥
ਇਮ ਚਿਤਵਤਿ ਚਿਤ ਹੁਕਮ ਬਖਾਨਾ।
'ਕਰਹੁ ਘਰਾਵਨਿ ਦੀਹ ਨਿਸ਼ਾਨਾ[1]।
ਨੀਕੇ ਕਾਰੀਗਰ ਕੇ ਪਾਸ।
ਜੋ ਸਭਿ ਬਿਧਿ ਤੇ ਆਨਹਿ ਰਾਸ' ॥੯॥
ਨੰਦ ਚੰਦ ਲੇ ਆਇਸ ਗਯੋ।
ਘਰਿਬੇ ਹੇਤੁ ਹਕਾਰਤਿ ਭਯੋ।
ਕਹ੍ਯੋ ਗੁਰੂ ਕੋ ਤਾਂਹਿ ਸੁਨਾਯੋ।
ਕਰਿ ਬਿਚਾਰ ਸ਼ੁਭ ਲੋਹ ਮੰਗਾਯੋ ॥੧੦॥
ਜੇਤਿਕ ਘਰਤਿ ਘਰਤਿ ਰਹਿ ਜਾਇ।
ਤਿਸਤੇ ਚੌਗੁਨ ਲੀਨਿ ਤੁਲਾਇ[†]।
ਬਹੁ ਨਰ ਲਗੇ ਘਰਨਿ ਤਤਕਾਲਾ।
ਹੁਤੇ ਸੁਜਾਨ ਬਨਾਇ ਸੁਢਾਲਾ[1] ॥੧੧॥
ਦੋਨਹੁ ਦੌਰ[1] ਤਜਾਰ ਕਰਿ ਲ੍ਯਾਏ।
ਰੁਚਿਰ ਹੇਰਿ ਸਤਿਗੁਰ ਹਰਖਾਏ।
ਦਰਬ ਬਿਸਾਲ ਬਖਸ਼ ਕਰਿ ਦੀਨੋ।
ਮਢਿਬੇ ਹੇਤੁ ਹੁਕਮ ਤਬਿ ਕੀਨੋ ॥੧੨॥
ਸਕਲ ਮਸੰਦਨ ਜਬਿ ਸੁਧਿ ਪਾਈ।
ਚਿਤਹਿਂ ਬਿਚਾਰ[†] ਕਰਤਿ ਸਮੁਦਾਈ[1]।
-ਸੈਨ ਸਕੇਲਤਿ[1] ਦਿਨ ਪ੍ਰਤਿ ਭਾਰੀ।
ਸ਼ਸਤ੍ਰ ਤੁਰੰਗਨ ਸੋਂ ਹਿਤ ਧਾਰੀ ॥੧੩॥
ਅਬਹਿ ਗੁਰੂ ਦੁੰਦਭਿ ਘਰਿਵਾਯਹੁ।
ਜਬਿ ਇਸ ਦੇਸ਼ ਵਿਖੈ ਬਜਵਾਯਹੁ।
ਭੀਮਚੰਦ ਕਹਿਲੂਰੀ ਰਾਜਾ।
ਜਿਹ ਸਮੀਪ ਬਡ ਸੈਨ ਸਮਾਜਾ ॥੧੪॥
ਪ੍ਰਥਮ ਹੁਤੋ ਗਮਨ੍ਯੋ ਕਿਤ ਓਰ।
ਅਬਿ ਬਿਲਾਸ ਪੁਰ ਕੀ ਬਸਿ ਠੌਰ[1]।
ਫਿਰਹਿਂ ਦੇਸ਼ ਨਿਜ ਸਹਿਜ ਸੁਭਾਇ।
ਧੌਂਸਾ ਧੁੰਕਾਰਤਿ ਸੁਧਿ ਪਾਇ ॥੧੫॥

[1]ਭਾਰੀ ਨਗਾਰਾ।

[†]ਲੋਹਾ ਗਰਮ ਕਰਕੇ ਘੜਦਿਆਂ ਨਾਲੋਂ ਸੜ ਢਹਿ ਕੇ ਘਟਦਾ ਹੈ ਇਸ ਕਰਕੇ ਬਹੁਤਾ ਲੀਤਾ।

[1]ਸੁਹਣਾ।

[1]ਲੋਹੇ ਦੇ ਦੋ ਚੱਕ੍ਰਾਕਾਰ ਹਿੱਸੇ ਜਿਨ੍ਹਾਂ ਨੂੰ ਜੋੜਕੇ ਵਡੇ ਕੜਾਹੇ ਵਾਂਙੂ ਬਣ ਜਾਂਦਾ ਹੈ ਤੇ ਉਤੋਂ ਫੇਰ ਚਮੜੇ ਨਾਲ ਮੜ੍ਹਦੇ ਹਨ।

[1]ਚਿੱਤ ਵਿਚ ਸਾਰੇ ਵਿਚਾਰ ਕਰਦੇ ਹਨ। [†]ਪਾ:-ਚਿੰਤ ਬਿੰਲਦ।

[1]ਕੱਠੀ ਕਰਦੇ ਹਨ (ਗੁਰੂ ਜੀ)।

[1]ਦੇ ਟਿਕਾਣੇ ਵਸਦਾ ਹੈ।

ਅਸ ਨਹਿਂ ਹੋਇ ਬਿਗਰ ਕਰਿ ਪਰੈ।
ਦਾਵੇਦਾਰ[1] ਜਾਨਿ ਕਰਿ ਲਰੈ। [1]ਰਾਜ ਦਾ) ਦਾਵੇਦਾਰ, ਵੈਰੀ।
ਲਖੀਅਹਿ ਇਸ ਤੇ ਹੁਇ ਉਤਪਾਤ।
ਬਿਗਰ ਜਾਇਗੀ ਸਗਰੀ ਬਾਤ ॥੧੬॥
ਇਹਾਂ ਬਸਨ ਭੀ ਮੁਸ਼ਕਲ ਹੋਇ।
ਜਿਨ ਕੋ ਰਾਜ, ਨਿਕਾਸਹਿਂ ਸੋਇ[1]। [1]ਸੋ (ਸਾਨੂੰ) ਕੱਢ ਦੇਣਗੇ।
ਪਰੇ ਜੰਗ ਧਨ ਚਹਿਯ ਮਹਾਨਾ।
ਹਮ ਸਿਰ ਪਰਹਿ ਜ਼ੋਰ ਸਭਿ ਆਨਾ[1] ॥੧੭॥ [1]ਸਾਰਾ ਜ਼ੋਰ ਸਾਡੇ ਸਿਰ ਤੇ ਆ ਪਏਗਾ।
ਯਾਂ ਤੇ ਅਬਿ ਮਸਲਤ ਕਰਿ ਸਾਰੇ।
ਕਰਹੁ ਜਤਨ ਦੁੰਦਭਿ ਨਹਿਂ ਧਾਰੇਂ[1]। [1]ਨਾ ਰੱਖਣ।
ਉਮਰ ਗੁਰੂ ਕੀ ਅਹੈ ਨਵੀਨ।
ਮਨ ਭਾਵਤਿ ਕੋ ਰਚਹਿਂ ਪ੍ਰਬੀਨ ॥੧੮॥
ਤਿਨ ਕੇ ਸੰਗ ਕਹଯੋ ਨਹਿਂ ਜੈ ਹੈ।
ਸਮੁਖ ਬਾਕ ਬਿੱਪ੍ਰੈ ਨ ਕਹੈ ਹੈ[1]। [1]ਜੋ ਕੁਛ ਸਤਿਗੁਰੂ ਜੀ ਹੁਕਮ ਦੇਣ) ਉਹਨਾਂ ਦੇ ਸਾਮ੍ਹਣੇ ਉਲਟ ਨਹੀਂ ਕਿਹਾ ਜਾਂਦਾ (ਦੇਖੋ ਅਗੇ ਅੰਕ ੪੪ ਤੇ ੪੫)।
ਪ੍ਰਥਮ ਮਾਤ ਕੇ ਨਿਕਟ ਸਿਧਾਰਹੁ।
ਤ੍ਰਾਸ ਸਮੇਤ ਬ੍ਰਿਤੰਤ ਉਚਾਰਹੁ- ॥੧੯॥
ਅਸ ਮਸਲਤ ਕਰਿ ਸਕਲ ਮਸੰਦ।
ਸ਼੍ਰੀ ਗੁਜਰੀ ਢਿਗ ਗਮਨੇ ਬ੍ਰਿੰਦ।
ਮਸਤਕ ਟੇਕਿ ਬੈਠਿਗੇ ਪਾਸ।
ਬੋਲੇ ਹਾਥ ਜੋਰਿ ਅਰਦਾਸ ॥੨੦॥
'ਮਾਤਾ ਜੀ ! ਸੁਨੀਅਹਿ ਸਭਿ ਬਾਤ।
ਸ਼੍ਰੀ ਸਤਿਗੁਰ ਕੋ ਜਥਾ ਬ੍ਰਿਤਾਂਤ।
ਸੈਨ ਸਕੇਲਨ ਕਰਿ ਗਨ ਰਾਖੀ।
ਰਹੈਂ ਸੁਭਟ ਧਨ ਕੇ ਅਭਿਲਾਖੀ ॥੨੧॥
ਇਕ ਤੌਂ ਖਰਚ ਦੇਗ਼ ਕੋ ਭਾਰੀ।
ਅਨਗਨ ਕੋ ਅਹਾਰ ਹੁਇ ਤਜਾਰੀ।
ਜਾਮ ਨਿਸਾ ਲਗਿ ਜੋ ਚਲਿ ਆਵੈ।
ਸਕਲ ਦੇਗ਼ ਤੇ ਅਚਿ[1] ਤ੍ਰਿਪਤਾਵੈਂ ॥੨੨॥ [1]ਛਕ ਕੇ।
ਪੁਨ ਸੁਭਟਨਿ ਕੌ ਦੇਨਿ ਛਿਮਾਹੀ।

ਬਿਨਾ ਲਿਏ ਕੋ ਰਹੈ ਨ ਪਾਹੀ।
ਰਾਜ ਦੇਸ਼ ਕੋ ਜਿਸ ਢਿਗ ਹੋਇ।
ਇਤਨੋ ਖਰਚ ਨਿਬਾਹੈ ਸੋਇ ॥੨੩॥
ਅਪਨੇ ਘਰ ਸਿਖ ਸੰਗਤਿ ਆਵੈ।
ਜਥਾ ਸ਼ਕਤਿ ਭੇਟਨ ਅਰਪਾਵੈ।
ਕਿਸ ਤੇ ਹੁਕਮ ਨ ਕਰਿ ਕੈ ਲੇਨਾ।
ਜਿਸ ਤੇ ਖਰਚ ਸੈਨ ਕੋ ਦੇਨਾ ॥੨੪॥
ਤਊ ਜ਼ਿਕਰ ਅਸ ਫਿਕਰ ਨ ਕੋਈ[1]।
ਕਰਹਿਂ ਬਿਚਾਰ ਨ, ਆਮਦ ਸੋਈ[1]।
ਅਬਿ ਦੁੰਦਭਿ ਕੋ ਕਹਿ ਘਰਿਵਾਯੋ।
ਤਜ਼ਾਰ ਹੋਤਿ ਹੈ ਸਭਿ ਲਖਿ ਪਾਯੋ ॥੨੫॥
ਇਸ ਤੇ ਹੁਇ ਉਤਪਾਤ ਬਿਸਾਲਾ।
ਚਢੇ ਬਜਾਵਨਿ ਕਰਿ ਜਿਸ ਕਾਲਾ।
ਭੀਮ ਚੰਦ ਕਹਿਲੂਰੀ ਰਾਜਾ।
ਜਿਸ ਕੇ ਸੰਗ ਅਨੇਕ ਸਮਾਜਾ ॥੩੬॥
ਦੇਸ਼ ਬਿਸਾਲ ਰਾਜ ਕੋ ਕਰਿਹੀ।
ਗਿਰਪਤਿ ਗਨ ਰਹਿਂ ਨਿਤ ਅਨੁਸਰਹੀ[1]।
ਦੀਹ ਦਮਾਮੇ ਕੀ ਧੁਨਿ ਸੁਨੈ।
ਜਰਹਿ ਨ[1] ਮਨ ਮਹਿਂ ਮਤਸਰ ਗੁਨੈ ॥੨੭॥
ਅਪਨਿ ਦੇਸ਼ ਮਹਿਂ ਦੁਤਿਯ ਨਗਾਰਾ।
ਕਿਮ ਬਾਜਨਿ ਦੇ ਕਰਿ ਹੰਕਾਰਾ।
ਬੈਸ ਨਵੀਨ ਗੁਰੂ ਕੀ ਅਹੈ।
ਹਟੈ ਨਹੀਂ ਉਰ ਮੈਂ ਹਠ ਗਹੈਂ ॥੨੮॥
ਯਾਂ ਤੇ ਜਾਨੀ ਪਰੈ ਖੁਟਾਈ।
ਸੈਲਪਤਨਿ ਸੋਂ ਮਚੈ ਲਰਾਈ[1]।
ਤਿਸ ਮੈਂ ਅਨਿਕ ਉਪਾਧਿ ਉਠੈ ਹੈਂ।
ਬਾਸ ਕਰਨਿ ਭੀ ਸੰਸੈ ਪੈਹੈਂ ॥੨੯॥

[1]ਤਾਂ ਵੀ ਇਹੋ ਜਿਹੀ ਗਲ ਦੀ ਕੋਈ ਚਿੰਤਾ ਨਹੀਂ।

[1](ਸ਼੍ਰੀ ਗੁਰੂ ਜੀ) ਵਿਚਾਰ ਨਹੀਂ ਕਰਦੇ ਕਿ ਆਮਦਨ ਤਾਂ ਸੋਈ ਹੈ (ਸੋ ਸਿੱਖ ਆਪੇ ਦੇਂਦੇ ਹਨ)

[1]ਪਹਾੜੀ ਰਾਜੇ ਬਹੁਤ (ਉਸ ਦੇ) ਅਨੁਸਾਰੀ ਰਹਿੰਦੇ ਹਨ।

[1]ਸਹਾਰੇਗਾ ਨਹੀਂ।

[1]ਇਸ ਤੋਂ ਪਹਾੜੀ ਰਾਜਿਆਂ ਨਾਲ ਲੜਾਈ ਮਚਨ ਦੀ (ਖੁਟਾਈ =) ਬੁਰੀ ਗਲ ਸਾਨੂੰ ਪ੍ਰਤੀਤ ਦੇ ਰਹੀ ਹੈ (ਕਿ ਵਰਤੇਗੀ)। (ਅ) ਪਹਾੜੀਆਂ ਦੀ ਖੁਟਾਈ ਨੂੰ ਜਾਣਦਿਆਂ ਹੋਇਆਂ (ਯਾਤੇ =) ਇਸਤੋਂ ਪਹਾੜੀ ਰਾਜਿਆਂ ਨਾਲ ਲੜਾਈ ਹੋ ਪਵੇਗੀ (ਪ੍ਰਗਟ ਹੈ)।

ਅਪਨੇ ਪੁੱਤ੍ਰ ਅਬਹਿ ਸਮੁਝਾਵੋ।
ਦੁੰਦਭਿ ਬਾਜਹਿ ਨਹੀਂ, ਹਟਾਵੋ[1]।
ਬਡੇ ਗੁਰੂ ਖਸ਼ਟਮ ਰਨ ਕੀਨਿ।
ਬਾਸ ਸੁਧਾਸਰ ਕੌ ਤਜਿ ਦੀਨ ॥੩੦॥
ਸੰਕਟ ਭਏ ਅਨੇਕ ਪ੍ਰਕਾਰੀ।
ਸੁਨੇ ਪਿਖੇ ਤੁਮ ਨੇ ਬਹੁ ਬਾਰੀ।
ਦੇਸ਼ ਕਾਲ ਕੀ ਗਜਾਤਾਵਾਨ[1]।
ਬਰਜਹੁ ਸਤਿਗੁਰ ਮ੍ਰਿਦੁਲ ਬਖਾਨਿ ॥੩੧॥
ਅਪਰ ਬਿਲਾਸ ਕਰਹਿਂ ਮਨ ਭਾਏ।
ਪਰਹਿ ਬਿਖੇਰਾ ਦੇਹੁ ਹਟਾਏ।
ਸੁਖ ਸੋਂ ਬਾਸਹੁ ਅਪਨੇ ਪੁਰਿ ਮੈਂ।
ਨੀਕੀ ਕਰਹੁ ਬਿਚਾਰਨ ਉਰਮੈਂ ॥੩੨॥
ਸੁਨਤਿ ਮਸੰਦਨ ਕੀ ਅਸ ਬਾਨੀ।
ਸ਼੍ਰੀ ਗੁਜਰੀ ਚਿਤ ਚਿੰਤਾ ਠਾਨੀ।
-ਆਛੀ ਕਰਹਿਂ[1], ਨ ਬਨਹਿ ਦਮਾਮਾ।
ਵਧਹਿ ਬਿਖੇਰਾ ਸੰਕਟ ਧਾਮਾ- ॥੩੩॥
ਮੋਨ ਠਾਨਿ ਕਰਿ ਕੇਤਿਕ ਸਮੈਂ।
ਭਨਜੋਂ ਮਸੰਦਨ ਸੋਂ ਮਨ ਗਮੈਂ[1]।
'ਬਰਜੌਂ ਮੈਂ ਸੁਤ ਨਿਕਟ ਹਕਾਰੌਂ।
ਖਸ਼ਟਮ ਗੁਰੂ ਪ੍ਰਸੰਗ ਉਚਾਰੋਂ ॥੩੪॥
ਜਿਤਿਕ ਸਮੀਪੀ ਬੈਠਿਨਿ ਹਾਰੇ।
ਸਮਝ ਦੇਹੁਂ ਸਮੁਝਾਇ ਬਿਚਾਰੇ[1]।
-ਗਨ ਉਤਸਾਹ ਦੇਨਿ ਕੀ ਗਾਥਾ।
ਕਰੋ ਨ ਸਾਹਿਬਜ਼ਾਦੇ ਸਾਥਾ- ॥੩੫॥
ਨਿਜ ਭ੍ਰਾਤਾ ਕੋ ਅਬਹਿ ਹਕਾਰੌਂ।
ਇਨ ਬਾਤਨਿ ਤੇ ਕਹਿ ਹਟਕਾਰੌਂ।
ਗੁਰਨਿ ਭਾਣਜੇ[1] ਤਿਨ ਸਮਝਾਵਹੁਂ।
-ਨਹੀਂ ਜੰਗ ਕੇ ਜ਼ਿਕਰ ਚਲਾਵਹੁ ॥੩੬॥
ਜਾਹੁ ਸ਼ਿਕਾਰ, ਨ ਦੂਰ ਸਿਧਾਵਹੁ।
ਚਿਤ ਪਰਚਾਇ ਸਦਨ ਕੋ ਲਜਾਵਹੁ।

[1]ਹੋੜ ਦਿਓ।

[1]ਦੇਸ਼ (ਪਹਾੜ ਦਾ ਹੈ ਪਹਾੜੀਏ ਖੋਟੇ ਹਨ) ਤੇ ਸਮਾਂ (ਰਾਜ ਤੁਰਕਾਂ ਦਾ) ਹੈ (ਇਨ੍ਹਾਂ ਦੀ ਆਪ ਨੂੰ) ਗਿਆਤ ਹੈ।

[1]ਮਸੰਦ ਚੰਗੀ ਗਲ ਕਹਿੰਦੇ ਹਨ।

[1]ਮਨ (ਵਿਚ) ਚਿੰਤਾ ਧਾਰਕੇ।

[1]ਉਨ੍ਹਾਂ ਨੂੰ ਇਸ ਵਿਚਾਰ ਦੀ ਸਮਝ ਸਮਝਾ ਦਿਆਂਗੀ।

[1]ਭਾਵ ਸੰਗੋ ਆਦਿ ਸੂਰਮੇਂ।

ਜਯੋਂ ਕਯੋਂ ਕਰਿ ਬਰਜਹੁ ਇਹ ਬਾਤੀ[1]।
ਨਾਹਕ ਬਨਹੁਂ ਕਹਾਂ ਉਤਪਾਤੀ ॥੩੭॥
ਸੁਭਟ ਰਖੇ ਤੌ ਰਾਖਹੁ ਤੈਸੇ।
ਖਰਚਨਿ ਕਰਹਿਂ ਆਇ ਧਨ ਜੈਸੇ।
ਨਹਿਂ ਰਾਜਨ ਸੋਂ ਪਰੈ ਬਿਗਾਰਾ।
ਮਾਲਿਕ ਦੇਸ਼ਨਿ ਕੇ ਦਲ ਭਾਰਾ-' ॥੩੮॥
ਸੁਨਤਿ ਮਾਤ ਤੇ ਭਨਹਿਂ ਮਸੰਦ।
'ਇਮ ਸਮੁਝਾਵਹੁ ਸਤਿਗੁਰ ਨੰਦ।
-ਹਮ ਹੈਂ ਪੂਜ ਸਕਲ ਜਗ ਕੇਰੇ।
ਸਮਤਾ ਦ੍ਰਿਸ਼ਟਿ ਸਭਿਨਿ ਪਰ ਹੇਰੇ ॥੩੯॥
ਚਹੁਂਦਿਸ਼ਿ ਅਪਨੇ ਸੇਵਕ ਜਾਨੋ।
ਨਹਿਂ ਬਿਰੋਧ ਕਿਹ ਸੋਂ ਪਹਿਚਾਨੋਂ।
ਸੁਭਟ ਰਾਖਿਬੇ ਸਹਿਤ ਨਗਾਰੇ।
ਇਹ ਰਾਜਨਿ ਕੇ ਕਾਜ ਉਦਾਰੇ ॥੪੦॥
ਮਾਰਨ ਮਰਨ ਕਸ਼ਟ ਬਡ ਪਾਵਨਿ।
ਤੁਮਕੋ ਉਚਿਤ ਨ ਏਵ ਕਮਾਵਨਿ-।
ਇੱਤਯਾਦਿਕ ਭਾਖਹੁ ਜੇ ਮਾਨਹਿਂ।
ਸਭਿਨਿ ਬਰਜ ਹ੍ਵੈ ਕ੍ਵੈ ਨ ਬਖਾਨਹਿ[1]' ॥੪੧॥
ਅਸ ਮਸਲਤ ਕਰਿ ਮਾਤ ਸਿਖਾਈ।
ਮਸਤਕ ਟੇਕਿ ਉਠੇ ਸਮੁਦਾਈ।
ਜੋ ਜਿਸ ਮਿਲਹਿ ਸਮੀਪੀ ਗੁਰ ਕੋ[1]।
ਕਰਹਿ ਸਿਖਾਵਨਿ ਆਸ਼ੈ ਉਰ ਕੋ ॥੪੨॥
ਨਿਜ ਭ੍ਰਾਤਾ ਗੁਜਰੀ ਬੁਲਵਾਯੋ।
'ਕਰਹੁ ਹਟਾਵਨ' ਸਭਿ ਸਮੁਝਾਯੋ।
ਸੁਸਾ ਸੰਗ ਤਿਨ ਭਾਖਿ ਸੁਨਾਈ।
'ਠਟਹਿਂ ਗੁਰੂ, ਕੋ ਸਕਹਿ ਹਟਾਈ[1] ॥੪੩॥

[1]ਇਨ੍ਹਾਂ ਗਲਾਂ ਤੋਂ ਰੋਕੋ।

[1]ਸਾਰਿਆਂ ਨੂੰ ਵਰਜ ਦਿਓ ਕੋਈ (ਜੰਗ ਦੀ ਗਲ) ਨਾ ਕਹੇ (ਮਹਾਰਾਜ ਜੀ ਨੂੰ)।

[1]ਗੁਰੂ ਜੀ ਦਾ ਸਮੀਪੀ (ਸਿੱਖ) ਜੋ ਜਿਸ ਮਸੰਦ ਨੂੰ ਮਿਲਦਾ ਹੈ।

[1]ਜੋ ਗੁਰੂ ਜੀ ਕਰਨ ਉਸ ਨੂੰ ਕੌਣ ਹਟਾ ਸਕਦਾ ਹੈ।

ਆਸ਼ੈ ਸੁਨਹਿਂ ਤਿਨਹੁਂ ਕੇ[1] ਜਬੈ।
ਸਨਮਾਨਤਿ, ਬੋਲਤਿ ਤਿਮ ਸਬੈ।
ਸਭਿ ਕੋ ਸੀਖ ਦੇਤਿ ਹੈਂ ਸੋਈ।
ਕਹਿ ਨ ਸਕੈ ਢਿਗ ਬਿੱਪ੍ਰੈ† ਕੋਈ[1] ॥੪੪॥
ਜੇ ਕਰਿ ਤੁਮਤੇ ਬਰਜਯੋ ਜਾਇ।
ਤੌਂ ਕਹੀਅਹਿ ਨੀਕੇ ਸਮੁਝਾਇ।
ਅਪਰ ਬਿਖੈ ਕਜਾ ਸ਼ਕਤਿ ਸੁਨਾਵਨਿ।
ਜੇ ਕੋ ਕਹੈ ਬਹੁਰ ਪਛੁਤਾਵਨਿ' ॥੪੫॥

[1]ਭਾਵ ਗੁਰੂ ਜੀ ਦੇ।

[1]ਕੋਲੋਂ ਕੋਈ ਉਲਟੀ ਗਲ ਨਹੀਂ ਕਹਿ ਸਕਦਾ।
†ਪਾ:-ਬੈਠੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦੁੰਦਭਿ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥੨੪॥

੨੫. [ਘਰ ਵਿਚ ਵਿਚਾਰ। ਰਣਜੀਤ ਨਗਾਰਾ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:
ਉਠੇ ਪ੍ਰਾਤਿ ਕੋ ਸਤਿਗੁਰੂ, ਠਾਨੇ ਸੌਚ ਸ਼ਨਾਨ।
ਪ੍ਰਥਮ ਗਏ ਮਾਤਾ ਨਿਕਟ, ਬੈਠੇ ਬੰਦਨ ਠਾਨਿ ॥੧॥
ਚੌਪਈ:
ਦੇ ਆਸ਼ਿਖ ਕੋ ਪ੍ਰੇਮ ਕਰੰਤੀ।
ਪਿਖਿ ਸਪੂਤ ਕੋ ਉਰ ਹਰਖੰਤੀ।
ਹਿਤ ਸਮੁਝਾਵਨਿ ਕਹਿ ਮ੍ਰਿਦੁ ਬਾਨੀ।
ਇਕ ਪੁੱਤ੍ਰਾ ਮਨ ਪ੍ਰੀਤਿ ਮਹਾਨੀ ॥੨॥
ਜਿਨ ਬੈਠੇ ਭੀ ਬਡ ਬਡਿਆਈ।
ਗੁਰਤਾ ਗਾਦੀ ਅਧਿਕ ਸੁਹਾਈ।
'ਸੁਨੀਅਹਿ ਸੁਤ ! ਐਸੇ ਨਹਿਂ ਕਰੋ।
ਜਿਸ ਤੇ ਸੈਲਪਤਿਨਿ ਸੋਂ ਲਰੋ ॥੩॥
ਰਾਖੀ ਸੈਨ ਨ ਅਚਰਜ ਕੋਈ।
ਕਰਹੁ ਅਖੇਰ ਜਥਾ ਮਨ ਹੋਈ।
ਤੁਮ ਜਗ ਪੂਜ ਬਿਰੋਧ ਨ ਕਰੀਅਹਿ।
ਚਹੁੰਦਿਸ਼ਿ ਸੰਗਤਿ ਅਪਨਿ ਬਿਚਰੀਅਹਿ ॥੪॥
ਮੈਂ ਅਬਿ ਸੁਨਜੋਂ ਬਨਾਇ ਨਗਾਰਾ।
ਚਹਤਿ ਬਜਾਯਹੁ ਸੈਨ ਮਝਾਰਾ।
ਇਸ ਤੇ ਔਚਕ ਉਠਹਿ ਉਪੱਦ੍ਰਵ।
ਬਸਹੁ ਸ਼ਾਂਤਿ ਜੁਤਿ† ਤੀਰ ਸਤੁੱਦ੍ਰਵ ॥੫॥ †ਪਾ:-ਸੁਤ।
ਨਹਿਂ ਆਛੋ ਜੋ ਪਰਹਿ ਬਖੇਰਾ।
ਵਧਤਿ ਵਧਤਿ ਹੁਇ ਕਸ਼ਟ ਬਡੇਰਾ।
ਬਡੇ ਗੁਰਨਿ[1] ਜਬਿ ਜੰਗ ਮਚਾਏ। [1]ਭਾਵ ਛੇਵੇਂ ਪਾਤਸ਼ਾਹ ਜੀ ਨੇ।
ਤਜ਼ਾਗਿ ਸੁਧਾਸਰ ਕੋ ਨਿਕਸਾਏ ॥੬॥
ਪਾਤਸ਼ਾਹ ਮਹਿਪਾਲ ਅਸ਼ੇਸ਼।
ਰਾਜ ਤਿਨਹੁਂ ਢਿਗ ਦੇਸ਼ ਵਿਸ਼ੇਸ਼।
ਕਰਿਬੇ ਕੋ ਸਮਰਥ ਸਭਿ ਭਾਂਤੀ।
ਕੋਇ ਮੀਤ ਕੋ ਬਨਹਿ ਅਰਾਤੀ ॥੭॥
ਸੁਨਜੋ ਸ਼੍ਰੋਨ ਆਯੋ ਅਬਿ ਨੇਰੇ।

ਭੀਮਚੰਦ ਮਹਿਪਾਲ ਬਡੇਰੇ।
ਧੁਨਿ ਦੁੰਦਭਿ ਕੀ ਸਹਿ ਨ ਸਕਾਈ।
ਨਾਹਕ ਬੀਚ ਬੈਰ ਪਰਿ ਜਾਈ ॥੮॥
ਅਪਨਿ ਪੌਰ ਨੌਬਤ ਬਜਵਾਵਹੁ।
ਚਢਿ ਕਰਿ ਨਹਿਂ ਧੌਂਸਾ ਗਰਜਾਵਹੁ।
ਜੋ ਦੇਸ਼ਨਿ ਕੇ ਏਸ਼[1] ਬਿਸਾਲੇ। — [1]ਰਾਜੇ।
ਸਮਤਾ ਪੁਜਹਿ ਨਹੀਂ ਤਿਨ ਨਾਲੇ ॥੯॥
ਲਰਨਿ ਬਿਖੈ ਸੁਖ ਪਾਈਅਤਿ ਨਾਂਹੀ।
ਸਦਾ ਬਿਖਾਦ ਹੋਤਿ ਜਿਸ ਮਾਂਹੀ।'
ਜਨਨੀ ਤੇ ਸੁਨਿ ਕਰਿ ਤਿਹ ਸਮੈਂ।
ਕਹਜੋ 'ਕਿਸੀ ਕੋ ਤ੍ਰਾਸ ਨ ਹਮੈਂ ॥੧੦॥
ਕਰਹਿਂ ਬਜਾਵਨਿ ਆਪ ਨਗਾਰਾ।
ਖੇਲਹਿਂ ਕਾਨਨ ਬਿਖੈ ਸ਼ਿਕਾਰਾ।
ਰਾਜ ਨ ਛੀਨਹਿਂ ਹਮ ਕਿਸ ਕੇਰਾ[1]। — [1]ਕਿਸੇ (ਰਾਜੇ) ਦਾ।
ਕਜੋਂ ਬਿਰੋਧ ਕੋ ਰਚਹਿ ਬਡੇਰਾ ॥੧੧॥
ਅਪਨੋ ਦੇਸ਼ ਗ੍ਰਾਮ ਦਿਢ ਰਾਖੇ।
ਬਿਨਾ ਹੇਤੁ ਕਿਮ ਰਣ ਅਭਿਲਾਖੇ।
ਜੇ ਕਰਿ ਨਿਜ ਬਲ ਧਰਿ ਗਰਬਾਵੈ।
ਬਿਨ ਕਾਰਨ ਹੀ ਬੈਰ ਬਧਾਵੈ ॥੧੨॥
ਤੌ ਹਮ ਕਹਾਂ ਕਰਹਿਂ ਗਰ ਪਰੇ[1]। — [1]ਗਲ ਪਏ ਤੇ।
ਸਾਰਹਿਂ ਕਾਜ ਜਥਾ ਤਬਿ ਸਰੇ।
ਦੇਸ਼ ਰਾਜ ਕੋ ਧਰਹਿ ਗ਼ਰੂਰ।
ਕਰਤਾ ਪੁਰਖ ਕਰਹਿ ਤਿਸ ਦੂਰ ॥੧੩॥
–ਭੀਮਚੰਦ ਨ੍ਰਿਪ ਨਿਕਟਿ– ਬਤਾਵਹੁ[1]। — [1]ਤੁਸੀਂ ਦੱਸਦੇ ਹੋ ਕਿ ਭੀਮ ਚੰਦ ਰਾਜਾ ਨੇੜੇ ਹੈ।
ਇਮ ਕਹਿ ਮੋ ਕਹੁ ਬਹੁਤ ਡਰਾਵਹੁ।
ਜਥਾ ਬਾਲ ਕੋ ਤ੍ਰਾਸ ਉਪਾਵੈਂ।
–ਹਾਊ ਬੈਠਜੋ[1]– ਬੋਲਿ ਸੁਨਾਵੈਂ ॥੧੪॥ — [1]ਹਊਆ ਬੈਠਾ ਹੈ।
ਹਮ ਰਹਿਂ ਤਿਮ ਗਿਰਪਤਿ ਜਿਮ ਹਮ ਸੋਂ।
ਬਿਖਮ ਬਿਖਮ ਸੋਂ, ਸਮ ਹੁਇਂ ਸਮ ਸੋਂ[1]। — [1]ਵਿਰੋਧੀ ਨਾਲ ਵਿਰੋਧੀ ਸੁਲਹ ਵਾਲੇ ਨਾਲ ਸੁਲਹ ਵਾਲੇ।
ਪ੍ਰਥਮ ਬਿਰੋਧ ਨਹੀਂ ਕਿਮ ਕਰੈਂ।
ਮਿਲਹਿ ਤ ਮੇਲਹਿਂ ਲਰਹਿ ਤ ਲਰੈਂ ॥੧੫॥

ਗੁਰ ਕੋ ਘਰ ਆਦਰਸ਼ ਸਮਾਨੂ[1]। — [1]ਸ਼ੀਸ਼ੇ ਵਰਗਾ ਹੈ।
ਸਦਾ ਬਿਮਲ ਤੇ ਬਿਮਲ ਮਹਾਨੂ।
ਉਜਲ ਬਦਨ ਭਾਵਨਾ ਜੈਸੇ।
ਕਰਹਿ ਬਿਲੋਕਨਿ ਫਲ ਕੋ ਤੈਸੇ ॥੧੬॥
ਅਹੋ ਮਾਤ ! ਜਿਮ ਤੁਮਹੁਂ ਬਖਾਨੇ।
ਕਿਮ ਹਮ ਛਿਪਹਿਂ ਸਕਲ ਜਗ ਜਾਨੇ।
ਕਬਿ ਲਗਿ ਨਹਿਂ ਦੁੰਦਭਿ ਬਜਵਾਵੈਂ।
ਦੂਰ ਕਰਿ, ਨਹਿਂ ਆਪਾ ਬਿਦਤਾਵੈਂ?' ॥੧੭॥
ਇਮ ਕਹਿ ਕਰਿ ਜਨਨੀ ਕੇ ਸੰਗ।
ਬੋਲਤਿ ਝੂਲਤਿ ਕਲਗ਼ੀ ਤੁੰਗ।
ਉਠਿ ਕਰਿ ਬਹੁਰ ਵਹਿਰ ਕੋ ਆਏ।
ਬ੍ਰਿੰਦਹਿ ਬ੍ਰਿੰਦ[1] ਸੁਭਟ ਚਲਿ ਆਏ ॥੧੮॥ — [1]ਟੋਲਿਆਂ ਦੇ ਟੋਲੇ।
ਜਾਇ ਸਭਾ ਕੇ ਸਦਨ ਸੁਹਾਏ।
ਮਿਲੇ ਮਸੰਦ ਸਿੱਖ ਸਮੁਦਾਏ।
ਗਰਜਤਿ ਕਹਤੋ ਬੀਰ ਰਸ ਧਾਮਾ[1]। — [1]ਵੀਰ ਰਸ (ਦੇ) ਘਰ ਭਾਵ ਗੁਰੂ ਜੀ ਨੇ।
'ਭਯੋ ਤਯਾਰ ਕੈ ਨਹੀਂ ਦਮਾਮਾ? ॥੧੯॥
ਡਾਰਿ ਮਸਾਲੇ ਸੁਰਾ[1] ਮਝਾਰੀ। — [1]ਸ਼ਰਾਬ।
ਕਰਹੁ ਰਚਾਵਨਿ ਗਰਜੈ ਭਾਰੀ[1]। — [1]ਤਾਂਕਿ (ਨਗਾਰਾ) ਬਹੁਤ ਗੱਜ ਕੇ ਵੱਜੇ।
ਨਹੀਂ ਦੇਰ ਅਬਿ ਕੀਜਹਿ ਕੈਸੇ।
ਬਡੋ ਬਨਾਇ ਆਨੀਅਹਿ ਤੈਸੇ' ॥੨੦॥
ਤਬਿ ਕ੍ਰਿਪਾਲ ਮਾਤੁਲ ਬਚ ਕਹਤੋ।
'ਭੂਤ ਭਵਿੱਖਯ ਆਪ ਸਭਿ ਲਹਤੋ।
ਕਹਿਨਿ ਬਨੈ ਨਹਿਂ ਰਾਵਰਿ ਸਾਥ।
ਚਹਹੁ ਸੁ ਰਚਹੁ ਤੁਰਤ ਜਗਨਾਥ ॥੨੧॥
ਤਊ ਮਸੰਦ ਆਦਿ ਧ੍ਰਿਤ[1]† ਹੌਰੇ। — [1]ਧੀਰਜ ਦੇ ਹੌਲੇ ਹਨ। †ਪਾ:-ਭ੍ਰਿਤ।
ਸ੍ਰੀ ਗੁਜਰੀ ਸੰਗ ਕਹਿਂ ਬਿਧਿ ਔਰੇ।
ਤ੍ਰਸਤਿ ਚਿਤਾਰਤਿ ਪੂਰਬ ਜੰਗ।
-ਭਯੋ ਹਜ਼ਾਰਨਿ ਬੀਰਨਿ ਭੰਗ ॥੨੨॥
ਰਾਵਰ ਕੇ ਸਮੀਪ ਬਡ ਰਾਜਾ।
ਭੀਮਚੰਦ ਗਨ ਸੈਨ ਸਮਾਜਾ।

